ੴ

ਮਾਸਕ ਪੱਤਰ

# ਸੂਰਾ ਅੰਮ੍ਰਿਤਸਰ

ਗੁਰਦਵਾਰਾ ਬਿਭੌਰ ਸਾਹਿਬ

MAY 1980



ਮਈ ੧੯੮੦

ਇਹ ਗੁਰਦਵਾਰਾ ਭਾਖੜਾ ਨੰਗਲ ਲਾਗੇ ਸਤਲੁਜ ਦੇ ਕੰਢੇ ਤੇ ਵਾਕਿਆ ਹੈ।
ਇਥੇ ਦਸਮ ਪਾਤਸ਼ਾਹ ਜੀ ਨੇ "ਬੇਨਤੀ ਚੌਪਈ" ਉਚਾਰਨ ਕੀਤੀ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ੫. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਤੇਰਾ ਕੀਤਾ ਜਾਤੋ ਨਾਹੀ (ਵਿਆਖਿਆ) | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਅੰਮ੍ਰਿਤ (ਕਵਿਤਾ) | ਮਾਸਟਰ ਮਾਘ ਸਿੰਘ ਜੀ | ੪ |
| ਤਉ ਕਿਉ ਮੁਰਗੀ ਮਾਰੈ ? (੪) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੫ |
| ਸਚਖੰਡ ਦਰਸ਼ਨ (ਜਪੁਜੀ ਦੇ ਪੰਜ ਖੰਡ) | ਭਾਈ ਸਾਹਿਬ ਰਣਧੀਰ ਸਿੰਘ ਜੀ | ੧੧ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੨੧) | ਕੈਪਟਨ ਸਵਰਨ ਸਿੰਘ ਜੀ | ੧੫ |
| ਗੁਰਬਾਣੀ ਦੀ ਪਾਰਸ-ਕਲਾ | ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ | ੨੩ |
| ਗੁਰਬਾਣੀ ਛਪਾਈ ਦੀ ਇਕ-ਸਾਰਤਾ | ਭਾ: ਜੋਗਿੰਦਰ ਸਿੰਘ ਜੀ ਤਲਵਾੜਾ | ੨੫ |
| ਗੁਰਬਾਣੀ ਦੀ ਸ਼ੁਧ ਛਪਾਈ | ,, ,, ,, | ੨੭ |
| ਅਖੰਡ ਕੀਰਤਨੀ ਜਥੇ ਦੀ ਜਥੇਬੰਦੀ | – – – | ੪੩ |


ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਿਆਈ ੮ ਮਈ

# ਸੰਗਤਾਂ ਪ੍ਰਤੀ ਪ੍ਰੇਮ-ਸੰਦੇਸ਼

ਅਖੰਡ ਕੀਰਤਨੀ ਜਥੇ ਦਾ ਪ੍ਰਮੁਖ ਨਿਸ਼ਾਨਾ ਨਾਮ ਬਾਣੀ ਦੇ ਨਿਰੰਤਰ ਅਭਿਆਸ ਰਾਹੀਂ ਨਿਜੀ ਜੀਵਨ ਸਫਲ ਕਰਨਾ ਅਤੇ ਨਿਸ਼ਕਾਮ ਭਾਵਨਾ ਨਾਲ ਨਾਮ ਬਾਣੀ ਦੇ ਪ੍ਰਚਾਰ ਦੀ ਸੇਵਾ ਕਰ ਕੇ ਗੁਰੂ ਪਾਤਸਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਨਾ ਹੈ। ਇਸ ਮੰਤਵ ਦੀ ਪੂਰਤੀ ਲਈ ਪਹਿਲਾਂ ਵਾਂਗ ਲੋਕਲ ਅਤੇ ਕੇਂਦਰੀ ਪੱਧਰ ਤੇ ਪਰਸਪਰ ਮਿਲਵਰਤਣ ਦੁਆਰਾ ਗੁਰਬਾਣੀ-ਪਾਠ-ਸਮਾਗਮ, ਕੀਰਤਨ ਸਮਾਗਮ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਪੂਰਨ ਉਤਸ਼ਾਹ ਪੂਰਬਕ ਵਧ ਤੋਂ ਵਧ ਕੀਤੇ ਜਾਇਆ ਕਰਨ। ਮਨ ਬਚ ਕਰਮ ਕਰਕੇ ਅਜਿਹੀ ਕਾਰਵਾਈ ਅਤੇ ਸਾਧਨ ਇਖ਼ਤਿਆਰ ਕੀਤੇ ਜਾਇਆ ਕਰਨ ਜਿਨ੍ਹਾਂ ਦਾ ਸਿਰ ਸਦਕਾ ਪਰਸਪਰ ਗੁਰਸਿਖੀ ਪਿਆਰ ਚੜ੍ਹਦੀਆ ਕਲਾਂ ਵਿਚ ਰਵ੍ਹੇ। ਸਤਿਗੁਰ ਮੇਹਰ ਕਰਨ।

ਖਾਲਸਾ ਜੀ ਦਾ ਸੇਵਕ – ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

ਹੇਮਕੁੰਡ ਪ੍ਰਿੰਟਿੰਗ ਪ੍ਰੈਸ,ਬਜ਼ਾਰ ਨੰ: ੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੫.੮੦ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸ੍ਰੀ ਅੰਮ੍ਰਿਤਸਰ — ਮਾਸਕ ਪੱਤਰ


ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ
ਸਮੁੰਦਰੀ ਡਾਕ ੧੮-੫੦

ਹਵਾਈ ਡਾਕ
ਅਰਬ, ਮਲਾਇਆ ੩੫-੦੦
ਯ. ਕੇ, ਅਫਰੀਕਾ ੫੦ ੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ


## ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ


ਜਿਲਦ ੧੪ | ਮਈ ੧੯੮੦ | ਅੰਕ ੫


# ਤੇਰਾ ਕੀਤਾ ਜਾਤੋ ਨਾਹੀ

[ਵਿਆਖਿਆ ਵਲੋਂ—ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸਲੋਕ ਮਹਲਾ ੫

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥

ਇਹ ਸਲੋਕ ਸ੍ਰੀ ਗੁਰੂ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁਭ ਸਮਾਪਤੀ ਪ੍ਰਥਾਇ ਅਕਾਲ ਪੁਰਖ ਦੇ ਧੰਨਵਾਦ ਵਜੋਂ ਉਚਾਰਨ ਕੀਤਾ ਹੈ। ਜੈਸੇ ਆਦਿ ਵਿਚ ਮੰਗਲਾਚਰਨ ਹੁੰਦਾ ਹੈ ਤੈਸੇ ਹੀ ਅੰਤ ਪਰ ਧੰਨਵਾਦ-ਅਲਾਪਨੀ ਇਹ ਸਲੋਕ ਹੈ :-

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥

= ਹੇ ਅਕਾਲ ਪੁਰਖ ! ਤੇਰਾ ਕੀਤਾ ਜਾਣਿਆ ਨਹੀਂ ਜਾਂਦਾ । ਤੇਰੀਆਂ ਬਖਸ਼ਸ਼ਾਂ ਦੀਆਂ ਦੇਣੀਆਂ ਨਹੀਂ ਦਿਤੀਆਂ ਜਾ ਸਕਦੀਆਂ, ਜਿਸ ਜੋਗਾ ਜਿਸ ਲਾਇਕ ਤੈਂ ਮੈਨੂੰ ਕਰ ਦਿਤਾ ਹੈ ਸਮਰਥਾ ਬਖਸ਼ ਕੇ। ਮੈਨੋ = ਮੋਕਉ, ਮੈਨੂੰ। ਕੀਤੋਈ = ਕਰ ਦਿਤਾ ਹੈ। ਜੋਗੁ = ਸਮਰਥ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ




www.AKJ.Org

ਰਚਨ ਦੇ ਸਮਰਥ ਹੇ ਅਕਾਲ ਪੁਰਖ ! ਤੈਂ ਮੈਨੂੰ ਕਰ ਦਿਤਾ ਹੈ, ਇਸ ਬਖਸ਼ਿਸ਼ ਤੇਰੀ ਦਾ ਮੈਥੋਂ ਧੰਨਵਾਦ ਕੀਤਾ ਨਹੀਂ ਜਾ ਸਕਦਾ।

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥

= ਮੈਂ ਨਿਰਗੁਣਿਆਰੇ ਵਿਚ ਕੋਈ ਗੁਣ ਨਾਹੀਂ। 'ਨਿਰਗੁਣਿਆਰੇ' ਦੇ ਰਾਰੇ ਅਖਰ ਨੂੰ ਲਾਵ 'ਵਿਚ' ਦੇ ਅਰਥ ਦਿੰਦੀ ਹੈ। ਜਿਸ ਕਰ ਕੇ ਮੈਂ ਜੋਗ (ਸਮਰਥ) ਹੋ ਸਕਿਆ ਹਾਂ। ਤੁਸਾਂ ਨੂੰ ਆਪ ਹੀ ਮਿਹਰ ਪੈ ਗਈ ਹੈ। ਕੋ = ਕੋਈ, ਏਥੇ 'ਨੂੰ' ਦੇ ਅਰਥ ਨਹੀਂ। 'ਨੂੰ' ਦੇ ਅਰਥ ਰਖਣ ਵਾਲਾ 'ਕਉ' ਊੜੇ ਨਾਲ ਹੁੰਦਾ ਹੈ। 'ਨਿਰਗੁਣਿਆਰੇ' ਪਦ ਦੇ ਅਗੇ 'ਕੋ' ਪਦ ਸਬੰਧਕੀ ਰੂਪ ਵਿਚ ( As a preposition ) ਸੁਤੇ (ਅਚਾਨਕ) ਹੈ।

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥

ਤੇਰਾ ਖਾਸ ਅਪਾਰ ਤਰਸੁ ਸਾਡੇ ਤੇ ਹੋਇਆ, ਤੇ ਨਦਰ ਮਿਹਰ ਹੋਈ ਤਾਂ ਸਤਿਗੁਰ ਰੂਪੀ ਸਚਾ ਸਜਣ ਸਾਨੂੰ ਮਿਲਿਆ, ਜਿਸ ਦੁਆਰਾ ਸੱਚੇ ਨਾਮ ਦੀ ਪ੍ਰਾਪਤੀ ਸਾਨੂੰ ਹੋਈ। (ਪੰਜਵੇਂ) ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਇਹ ਨਾਮ ਮਿਲਿਆ ਹੀ ਰਹੇ, ਅਰਥਾਤ ਨਾਮ ਜਪਦੇ ਹੀ ਰਹੀਏ। ਤਦ ਸੱਚਾ ਜੀਵਨ ਹੈ। ਸੱਚਾ ਜੀਵਨ ਇਸ ਕਰਕੇ ਹੈ ਕਿ ਨਾਮ ਦੇ ਮਿਲਾਪ (ਮਿਲੇ ਰਹਿਣ ਕਰਕੇ) ਦੁਆਰਾ ਤਨ ਤੇ ਮਨ ਭੀ ਹਰਿਆ ਭਰਿਆ ਰਹਿੰਦਾ ਹੈ।

ਨਾਮੁ ਨ ਬਿਸਰੈ ਤਬ ਜੀਵਨੁ ਪਾਈਐ ਬਿਨਤੀ ਨਾਨਕ ਇਹ ਸਾਰੈ ॥੨॥੨੯॥੫੨॥(੧੨੧੪)

'ਤਰਸੁ' ਪੁਲਿੰਗ ਨਾਂਵ, ਇਕ-ਵਚਨ ਹੋਣ ਕਰਕੇ ਇਸ ਦੇ ਸੱਸੇ ਨੂੰ ਔਂਕੁੜ ਹੈ। 'ਮਿਹਰਾਮਤਿ' ਇਸਤ੍ਰੀ ਲਿੰਗ ਹੋਣ ਕਰਕੇ ਇਸ ਦੇ ਤੱਤੇ ਨੂੰ ਸਿਹਾਰੀ ਹੈ। 'ਸਤਿਗੁਰੁ' ਦੇ ਰਾਰੇ ਤੇ 'ਸਜਣੁ' ਦੇ ਣਾਣੇ ਨੂੰ ਇਸ ਕਰਕੇ ਔਂਕੁੜ ਹੈ ਕਿ ਇਸ ਦੇ ਅਰਥ ਹਨ, ਸਤਿਗੁਰੂ ਰੂਪ ਸਜਣ। 'ਨਾਮੁ' ਦੇ ਮੰਮੇ ਦਾ ਔਂਕੁੜ ਸਿਧ ਕਰਦਾ ਹੈ ਕਿ 'ਨਾਮੁ' ਖ਼ਾਸ ਗੁਰਮਤਿ ਵਾਹਿਗੁਰੂ ਨਾਮ ਨੂੰ ਪ੍ਰਤਿਪਾਦਨ ਕਰਦਾ ਹੈ। ਮਿਲੈ = ਮਿਲਦਾ ਹੈ। ਅਰਥਾਤ ਨਾਮ ਮਿਲਦਾ ਹੈ ਤਦੇ ਸੱਚਾ ਜੀਵਨ ਹੈ। 'ਤਨੁ ਮਨੁ' = ਨਾਮ ਮਿਲਣ ਦੇ ਪ੍ਰਭਾਵ ਨਾਲ ਅਤੇ ਨਾਮ ਅਭਿਆਸ ਦੀ ਸੱਚੀ ਪਾਰਸ ਕਮਾਈ ਦੀ ਬਰਕਤ ਕਰਕੇ ਨਾਮ-ਅਭਿਆਸ ਕਰਨਹਾਰੇ ਗੁਰਮੁਖ ਜਨ ਦਾ ਤਨ ਭੀ ਤੇ ਮਨ ਭੀ ਸਦਾ ਪ੍ਰਫੁਲਤ ਹਰਾ ਭਰਾ ਰਹਿੰਦਾ ਹੈ। 'ਤਨੁ ਮਨੁ' ਦੋਹਾਂ ਨੂੰ ਔਂਕੁੜ ਇਸ ਕਰਕੇ ਹਨ ਕਿ ਨਾਮ ਸਿਮਰਨਹਾਰੇ ਜਨ ਦਾ ਖ਼ੁਸੂਸੀਅਤ ਕਰਕੇ ਤਨ ਤੇ ਮਨ ਹਰਾ ਥੀਵੰਦਾ ਹੈ। 'ਤਨੁ ਮਨੁ' ਇਸ ਕਰਕੇ ਨਿਖੇੜ ਕੇ ਲਿਖਿਆ ਹੈ ਕਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਨਾਲ ਨਾਮ ਸਿਮਰਨਹਾਰੇ ਗੁਰਮੁਖ ਜਨ ਦਾ ਨ ਸਿਰਫ਼ ਮਨ ਹੀ ਹਰਿਆ ਹੋ ਜਾਂਦਾ ਹੈ, ਬਲਕਿ ਤਨ ਭੀ ਹਰਾ ਹੋ ਜਾਂਦਾ ਹੈ।

[ਪੁਸਤਕ "ਗੁਰਬਾਣੀ-ਲਗ-ਮਾਤ੍ਰਾਂ ਦੀ ਵਿਲੱਖਣਤਾ" ਵਿਚੋਂ

---

# ਅੰਮ੍ਰਿਤ

['ਅੰਮ੍ਰਿਤ' ਦੀ ਆਪਣੀ ਜ਼ੁਬਾਨੀ]

(ਵਲੋਂ—ਮਾ: ਮਾਘ ਸਿੰਘ ਜੀ ਬੈਂਕੌਕ ਵਾਲੇ, ਸਮਾਧ ਭਾਈ—ਮੋਗਾ)

ਅੰਮ੍ਰਿਤ ਮੇਰਾ ਨਾਮ ਹੈ, ਮੇਰੀ ਅਮਰ ਕਹਾਣੀ।
ਮਰਨਾ ਮੂਲ ਨ ਜਾਣਦਾ, ਮੈਂ ਜੀਵਨ ਹਾਣੀ।
ਰੋਗਾਂ ਸੋਗਾਂ ਬਾਹਰਾ, ਅਕਸੀਰ ਲਾ ਫ਼ਾਨੀ।
ਬੁਢਾ ਕਦੇ ਨ ਹੋਵੰਦਾ, ਸਦ-ਜੀਵ ਜੁਆਨੀ।
ਘਲਿਆ ਧੁਰ ਦਰਗਾਹ ਤੋਂ, ਉਸ ਜੋਤ ਨੂਰਾਨੀ।
ਦੇ ਕੇ ਦਾਤਾਂ ਉੱਚੀਆਂ, ਜਿਸ ਕੋਇ ਨ ਸਾਨੀ।
ਦਿਲ ਦਰਿਆਵਾਂ ਬਖਸ਼ਿਆ, ਪਾ ਮਧ ਮਧਾਨੀ।
ਗਹਿਰ ਗੰਭੀਰ ਉਜਲਾ, ਸੱਚਾ ਬਲਵਾਨੀ।

ਜੋਸ਼ ਲਿਆ ਖਿਚ ਸੂਰਜੋਂ, ਬਿਜਲੀ ਚਮਕਾਨੀ।
ਚੁਸਤੀ ਚਾਲ ਅਗੰਮ ਦੀ, ਤੂਫ਼ਾਨ ਰਵਾਨੀ।
ਦਿਤਾ ਧੀਰਜ ਧਰਮ ਦਾ, ਧਰਤੀ ਮਾਂ ਰਾਨੀ।
ਦ੍ਰਿੜ੍ਹਤਾ ਦਿਤੀ ਪਰਬਤਾਂ, ਅਹਿੱਲ ਨਿਸ਼ਾਨੀ।
ਸੱਚੇ ਗੁਣ ਭਰਪੂਰ ਕਰ, ਦਿਤਾ ਵਰਦਾਨੀ:
'ਅੰਮ੍ਰਿਤ ਹਰਿ ਕਾ ਨਾਮ ਹੈ' ਉਚਰੀ ਗੁਰਬਾਣੀ।
ਇਉਂ ਲੱਭਾ ਉਚ ਅਗੰਮ ਚੋਂ, ਇਸ ਮਾਤ ਲੋਕਾਨੀ।
ਕੰਮ ਕਰਾਂ ਪਰਸੁਆਰਥੀ, ਇਹ ਦਿਲ ਵਿਚ ਠਾਨੀ।

www.AKJ.Org

# ਜਉ ਸਭ ਮਹਿ ਏਕੁ ਖੁਦਾਇ ਕਹਤ ਹਉ
# ਤਉ ਕਿਉ ਮੁਰਗੀ ਮਾਰੈ ? (੪)

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

(ਲੜੀ ਜੋੜਨ ਲਈ ਵੇਖੋ ਸੂਰਾ ਅਪ੍ਰੈਲ ੧੯੮੦)

## ਦਲੀਲ ਨੰਬਰ ੪–

ਮਾਸ-ਅਹਾਰੀ ਵੀਰ ਮਾਸ ਖਾਣ ਦੇ ਹਕ ਵਿਚ ਇਕ ਦਲੀਲ ਦਿਆ ਕਰਦੇ ਹਨ ਕਿ ਜਾਨਵਰਾਂ ਦੀ ਤਰ੍ਹਾਂ ਅੰਨ ਦੇ ਦਾਣਿਆਂ ਵਿਚ ਵੀ ਤਾਂ ਜੀਵ ਹਨ, ਇਸ ਲਈ ਮਾਸ ਖਾਣ ਅਤੇ ਅੰਨ ਖਾਣ ਵਿਚ ਕੋਈ ਫ਼ਰਕ ਨਹੀਂ ।

## *ਵਿਚਾਰ :–*

ਜ਼ਰਾ ਡੂੰਘੀ ਦ੍ਰਿਸ਼ਟੀ ਅਤੇ ਸਾਫ ਨੀਯਤ ਨਾਲ ਵੇਖੀਏ ਤਾਂ ਫ਼ਰਕ ਸਪੱਸ਼ਟ ਹੋ ਜਾਂਦਾ ਹੈ ।

**ਚੇਤੰਨ ਜੀਵ** (active life) **ਅਤੇ**
**ਜੀਵਨ-ਸਤਾ** (energy) **ਵਿਚ ਫ਼ਰਕ–**

ਸਾਰੀ ਉਤਪਤੀ ਨੂੰ ਮੋਟੇ ਤੌਰ ਤੇ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ; ਚੇਤੰਨ ਅਤੇ ਜੜ੍ਹ । ਚੇਤੰਨ ਸ਼੍ਰੇਣੀ ਵਿਚ ਮਨੁਖ, ਪਸ਼ੂ ਅਤ ਪੰਛੀ ਆਦਿ ਸਾਰੇ ਜੀਵ ਜੰਤੂ ਆ ਜਾਂਦੇ ਹਨ, ਜਿਨ੍ਹਾਂ ਅੰਦਰ ਮਹਿਸੂਸ ਕਰਨ ਅਤੇ ਮਨੋ-ਭਾਵ ਪ੍ਰਗਟ ਕਰਨ ਦੀ ਸਮਰੱਥਾ ਹੋਵੇ । ਪਦਾਰਥ ਆਦਿ ਜੜ੍ਹ ਸ਼੍ਰੇਣੀ ਵਿਚ ਆਉਂਦੇ ਹਨ । ਦੋਹਾਂ ਸ਼ਰੇਣੀਆਂ ਵਿਚ ਫ਼ਰਕ ਸਾਹਮਣੇ ਹੈ ।

ਜ਼ਰਾ ਹੋਰ ਸੂਖਮ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਸਾਰੀ ਉਤਪਤੀ ਚਾਰ ਖਾਣੀਆਂ ਦੁਆਰਾ ਹੋਂਦ ਵਿਚ ਆਉਂਦੀ ਹੈ–

(ੳ) ਅੰਡਜ (ਅੰਡਿਆਂ ਦੁਆਰਾ) (ਅ) ਜੇਰਜ (ਜੇਰ ਦੁਆਰਾ)
(ੲ) ਸੇਤਜ (ਗੰਦਗੀ ਦੁਆਰਾ) (ਸ) ਉਤਭੁਜ (ਧਰਤੀ ਦੀ ਉਪਜ)

ਪਹਿਲੀਆਂ ਤਿੰਨ ਸ਼੍ਰੇਣੀਆਂ ਦੁਆਰਾ ਹੋਈ ਉਤਪਤੀ ਅੰਦਰ ਜੀਵ ਚੇਤਨ ਰੂਪ ਵਿਚ ਹੁੰਦਾ ਹੈ, ਪਰ ਚੌਥੀ ਸ਼੍ਰੇਣੀ (ਉਤਭੁਜ) ਦੁਆਰਾ ਹੋਈ ਉਤਪਤੀ ਵਿਚ ਚੇਤੰਨ ਜੀਵ ਦੀ ਬਜਾਏ ਜੀਵਨ-ਤਤ ਹੁੰਦਾ ਹੈ । ਚੇਤੰਨ ਜੀਵ ਅਤੇ ਜੀਵਨ-ਤਤ ਵਿਚ ਬੜਾ ਫ਼ਰਕ ਹੈ ।

ਜਿਹੜੀ ਥਾਵੇਂ ਅੰਨ ਦਾਣੇ ਖਾਣ ਲਈ ਪੀਠੇ ਜਾਂਦੇ ਹਨ ਉਸ ਨੂੰ ਆਟਾ-ਚੱਕੀ ਜਾਂ ਫ਼ਲੋਰ-ਮਿਲ ਕਿਹਾ ਜਾਂਦਾ ਹੈ, ਪਰ ਜਿਥੇ ਜਾਨਵਰਾਂ ਨੂੰ ਕਟ-ਵਢ ਕੇ ਖਾਣ ਲਈ ਮਾਸ ਬਣਾਇਆ ਜਾਂਦਾ ਹੈ ਉਸ ਨੂੰ ਬੁਚੜ-ਖਾਨਾ (Slaughter House) ਆਖਿਆ ਜਾਂਦਾ ਹੈ । ਇਸ ਦਾ ਖ਼ਾਸ ਕਾਰਨ ਹੈ । ਜਾਨਵਰਾਂ ਵਿਚ ਚੇਤੰਨ-ਜੀਵ (active life) ਹੈ ਅਤੇ ਅੰਨ ਦਾਣੇ ਵਿਚ ਜੀਵਨ-ਸਤਾ (energy) । ਅੰਨ-ਦਾਣਾ ਮਨੁਖ ਦਾ ਕੁਦਰਤੀ ਅਹਾਰ, ਭਾਵ ਰਿਜ਼ਕ ਹੈ, ਜੋ ਵਿਧਾਤਾ ਵਲੋਂ ਪ੍ਰਦਾਨ ਕੀਤਾ ਗਿਆ ਹੈ ।

## ਪਰਵਿਰਤੀ ਵਿਚ ਨਿਰਵਿਰਤੀ–

ਮਨੁਖ ਜਦੋਂ ਹੀ ਮਾਂ ਦੀ ਕੁਖ ਚੋਂ ਬਾਹਰ ਆਉਂਦਾ ਹੈ ਤਾਂ ਉਸ ਦੀ ਮਾਂ ਦੀ ਛਾਤੀ ਵਿਚ ਕੁਦਰਤੀ ਤੌਰ ਤੇ ਦੁੱਧ ਆ ਪ੍ਰਵੇਸ਼ ਕਰਦਾ ਹੈ । ਇਹ ਦੁੱਧ ਵਿਧਾਤਾ ਵਲੋਂ ਅਪੜਾਇਆ ਮਨੁਖ ਦਾ

www.AKJ.Org

ਕੁਦਰਤੀ ਅਹਾਰ, ਭਾਵ ਰਿਜ਼ਕ ਹੁੰਦਾ ਹੈ। ਦੁੱਧ ਵਿਚ ਨਿਰਸੰਦੇਹ ਕਿਟਾਣੂ ਹਨ। ਪਰ ਕੀ ਦੁਧ-ਪੀਣ ਕਾਰਨ ਮਨੁਖ ਜੰਮਦਾ ਦੋਸ਼ੀ (born criminal) ਬਣ ਜਾਂਦਾ ਹੈ? ਹਰਗਿਜ਼ ਨਹੀਂ। ਇਸ ਕੁਦਰਤੀ ਅਹਾਰ (ਰਿਜ਼ਕ) ਦੇ ਸੇਵਨ ਕਰਨ ਵਜੋਂ ਮਨਖ ਦੋਸ਼ੀ ਨਹੀਂ ਬਣਦਾ। ਕੁਝ ਖਾਧੇ ਬਿਨਾਂ ਜੀਵਨ ਕਿਵੇਂ ਕਾਇਮ ਰਹਿ ਸਕਦਾ ਹੈ? ਗੁਰਬਾਣੀ ਦਾ ਫੁਰਮਾਨ ਹੈ :—

ਪਹਿਲੋ ਦੇ ਤੈਂ ਰਿਜਕੁ ਸਮਾਹਾ ॥ ਪਿਛੋ ਦੇ ਤੈਂ ਜੰਤੁ ਉਪਾਹਾ ।੬॥ [੧੩੦

ਵਿਧਾਤੇ ਨੇ ਰਿਜ਼ਕ ਅਪੜਾਇਆ ਹੈ ਖਾਣ ਲਈ। ਖਾਣਾ ਹੈ ਜੀਉਣ ਲਈ ਅਤੇ ਜੀਉਣਾ ਹੈ ਨਾਮ ਸਿਮਰਨ ਲਈ। ਜਿਉਂ ਜਿਉਂ ਬੱਚਾ ਵਡਾ ਹੁੰਦਾ ਜਾਂਦਾ ਹੈ, ਮਾਂ ਦੀ ਛਾਤੀ ਵਿਚ ਦੁਧ ਘਟਦਾ ਜਾਂਦਾ ਹੈ। ਫਿਰ ਬੱਚੇ ਨੂੰ ਕੁਦਰਤ ਵਲੋਂ ਦੰਦ ਮਿਲਦੇ ਹਨ ਕੁਝ ਖਾਣ ਲਈ। ਖਾਣਾ ਕੀ ਹੈ? ਕੁਦਰਤੀ ਅਹਾਰ, ਭਾਵ ਰਿਜ਼ਕ, ਤੇ ਮਨੁਖ ਦਾ ਕੁਦਰਤੀ ਅਹਾਰ ਅਥਵਾ ਰਿਜ਼ਕ ਹੈ ਅੰਨ-ਭੋਜਨ —

ਆਦਿ ਪੁਰਖ ਤੇ ਹੋਇ ਅਨਾਦੁ ॥ ਜਪੀਐ ਨਾਮੁ ਅੰਨ ਕੈ ਸਾਦਿ ।੧। ਰਹਾਉ। (੮੭੩)

ਸਿਖ ਧਰਮ ਨਿਰਵਿਰਤੀ ਦਾ ਮਾਰਗ ਨਹੀਂ। ਪਰ ਪਰਵਿਰਤੀ ਵੀ ਯੋਗ ਸੀਮਾ ਤਕ ਧਾਰਨ ਕਰਨ ਦਾ ਹੀ ਵਿਧਾਨ ਹੈ; ਇਸ ਵਿਚ ਖਚਤ ਹੋ ਕੇ ਆਪਣੇ ਜੀਵਨ-ਉਦੇਸ਼ ਅਤੇ ਮਨੁੱਖੀ ਕਰਤੱਵ ਨੂੰ ਭੁਲ ਜਾਣਾ ਵਿਕਾਰ ਹੈ। ਅੰਨ ਦਾ ਤਿਆਗ ਕਰਨਾ ਨਿਰਵਿਰਤੀ ਕਰਮ ਹੈ, ਤੇ ਇਹ ਗੁਰਮਤਿ-ਵਿਰੋਧੀ ਕਰਮ ਹੈ। ਗੁਰਬਾਣੀ ਦਾ ਫੁਰਮਾਨ ਹੈ—

ਅੰਨੈ ਬਾਹਰਿ ਜੋ ਨਰ ਹੋਵਹਿ ॥ ਤੀਨਿ ਭਵਨ ਮਹਿ ਅਪਨੀ ਖੋਵਹਿ ॥੨॥
ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥੩॥ (੮੭੩)

ਨਾਮ ਜਪਣ ਲਈ ਸਰੀਰ ਦੀ ਪਾਲਣਾ ਕਰਨੀ ਗੁਰਬਾਣੀ ਦੇ ਹੁਕਮਾਂ ਅਨੁਸਾਰ ਜ਼ਰੂਰੀ ਹੈ—

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ।੨॥(੧੪)

[ਮ: ੫, ਵਾਰ ਬਿਹਾਗੜਾ, ਪੰਨਾ ੫੫੪

ਪਰ ਦੇਹੀ ਦੀ ਪਾਲਣਾ ਦੀ ਆੜ ਲੈ ਕੇ ਰਸਾਂ ਕਸਾਂ ਵਿਚ ਖੱਚਤ ਹੋ ਜਾਣਾ ਤੇ ਜੀਭ ਦੇ ਸੁਆਦ ਲਈ ਜਾਂ ਸਰੀਰਕ-ਸ਼ਕਤੀ ਵਧਾਉਣ ਦੇ ਲਾਲਚ ਅਧੀਨ ਜੀਵਾਂ ਦਾ ਸੰਘਾਰ ਕਰਨਾ ਪਰਵਿਰਤੀ ਵਿਚ ਖੱਚਤ ਹੋਣਾ ਹੈ। ਅੰਨ ਦਾ ਤਿਆਗ ਨਿਰਵਿਰਤੀ ਕਰਮ ਹੈ ਅਤੇ ਮਾਸ-ਭੋਜਨ ਪਰਵਿਰਤੀ ਵਿਚ ਖੱਚਤ ਕਰਮ। ਦੋਵੇਂ ਅਤਿ-ਵਾਦੀ (extremist) ਕਰਮ ਹਨ। ਇਹ ਦੋਵੇਂ ਗੁਰਮਤਿ ਵਿਰੋਧੀ ਕਰਮ ਹਨ। ਪਰਵਿਰਤੀ ਵਿਚ ਨਿਰਵਿਰਤੀ ਦਾ ਧਾਰਨੀ ਹੋਣਾ, ਗੁਰਮਤਿ ਦੀ ਦ੍ਰਿੜ੍ਹਾਈ ਨਿਰਮਲ ਜੀਵਨ-ਜੁਗਤੀ ਹੈ।

## ਨਿਰਮਲ ਜੀਵਨ-ਜੁਗਤਿ—

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਪ੍ਰਬਲ ਮਾਨਸਕ ਜਜ਼ਬੇ ਹਨ, ਜੋ ਮਨੁਖ ਦੀ ਨਿਜੀ ਅਤੇ ਸਮਾਜਕ ਉਨਤੀ ਲਈ ਅਤਿ ਲੋੜੀਂਦੇ ਹਨ। ਜਿੰਨੀ ਦੇਰ ਤਕ ਇਹ ਯੋਗ ਸੀਮਾ ਤਕ ਰਹਿੰਦੇ ਹਨ, ਓਨੀ ਦੇਰ ਤਕ ਇਹ ਸਮੁੱਚੀ ਪ੍ਰਗਤੀ ਵਿਚ ਸਹਾਈ ਹੁੰਦੇ ਹਨ ਅਤੇ ਕੁਦਰਤ ਦੀ ਅਮੋਲਕ ਦਾਤਿ ਸਿਧ ਹੁੰਦੇ ਹਨ। ਗੁਰਵਾਕ ਹੈ—

ਕਾਮ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥
ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ। ੩॥

[ਬਸੰਤ ਮ: ੧, ਪੰਨਾ ੧੧੭੧

ਪਰ ਜਦੋਂ ਇਹ ਯੋਗ ਸੀਮਾ ਤੋਂ ਵਧ ਜਾਣ ਅਤੇ ਕਾਬੂ ਤੋਂ ਬਾਹਰ ਹੋ ਜਾਣ, ਭਾਵ ਮਨੁਖ ਇਨ੍ਹਾਂ



www.AKJ.Org

ਦੇ ਚਸਕਿਆਂ ਵਿਚ ਖੱਚਤ ਹੋ ਜਾਵੇ ਤਾਂ ਇਹ ਵਿਕਾਰ ਬਣ ਜਾਂਦੇ ਹਨ ਅਤੇ ਇਨ੍ਹਾਂ ਦੁਆਰਾ ਮਨੁਖ ਦੀ ਸ਼ੋਭਾ ਅਤੇ ਸ਼ਕਤੀ ਦਾ ਪਤਨ ਹੁੰਦਾ ਹੈ।

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥

[ਰਾਮਕਲੀ ਮ: ੧, ਓਅੰਕਾਰ, ਪੰਨਾ ੯੩੨

ਇਹ ਬੜਾ ਸੂਖਮ ਨੁਕਤਾ ਹੈ, ਜਿਸ ਨੂੰ ਸਮਝਣ ਨਾਲ ਜੀਵਨ ਅਨੰਦ-ਮਈ ਹੋ ਜਾਂਦਾ ਹੈ ਤੇ ਨਾ ਸਮਝਣ ਨਾਲ ਜੀਵਨ ਵਿਕਾਰੀ, ਰੋਗੀ ਅਤੇ ਦੁਖੀ ਹੋ ਜਾਂਦਾ ਹੈ।

ਵੈਦਕ ਵਿਚਾਰ-ਧਾਰਾ ਅਨੁਸਾਰ ਰੋਗ ਕੀ ਹੈ ? ਕਿਸੇ ਅਨਸਰ ਦਾ ਸਰੀਰ ਵਿਚ ਯੋਗ ਮਾਤਰਾ ਤੋਂ ਵੱਧ ਜਾਂ ਘਟ ਜਾਣਾ; ਭਾਵੇਂ ਉਹ ਕਿੰਨਾ ਹੀ ਮਹੱਤਵ ਪੂਰਨ ਅਨਸਰ ਕਿਉਂ ਨਾ ਹੋਵੇ। ਮਿਸਾਲ ਦੇ ਤੌਰ ਤੇ ਤੇਜ਼ਾਬੀ ਮਾਦੇ ਦੀ ਯੋਗ ਮਾਤਰਾ ਤਕ ਹੋਂਦ ਖ਼ੁਰਾਕ ਨੂੰ ਹਜ਼ਮ ਕਰਨ ਅਤੇ ਉਸ ਨੂੰ ਲਹੂ ਅਤੇ ਵੀਰਜ ਬਣਾਉਣ ਵਿਚ ਸਹਾਈ ਹੁੰਦੀ ਹੈ, ਪਰ ਇਸ ਦਾ ਯੋਗ ਮਾਤਰਾ ਤੋਂ ਵਧ ਜਾਂ ਘਟ ਜਾਣਾ ਇਕ ਰੋਗ ਹੈ।

ਸਿੱਟਾ ਇਹ ਹੈ ਕਿ ਜੀਵਨ-ਨਿਰਬਾਹ ਲਈ ਵਿਧਾਤਾ ਵਲੋਂ ਬਖਸ਼ੇ ਰਿਜਕ, ਭਾਵ ਅੰਨ-ਭੋਜਨ ਦਾ ਸੇਵਨ ਕਰਨਾ ਮਨੁਖ ਦਾ ਪ੍ਰਮੁਖ ਫਰਜ਼ ਹੈ, ਪਰ ਚਸਕਿਆਂ ਦੇ ਅਧੀਨ ਰਸਾਂ ਕਸਾਂ ਵਿਚ ਖੱਚਤ ਹੋਣਾ ਜਾਂ ਜੀਵਾਂ ਉਤੇ ਜ਼ੋਰ-ਜ਼ੁਲਮ ਕਰਨਾ ਪਾਪ ਕਰਮ ਹੈ ਅਤੇ ਇਸ ਨਾਲ ਜੀਵਨ ਅਧੋਗਤੀ ਵਲ ਜਾਂਦਾ ਹੈ।

## ਅੰਨ-ਭੋਜਨ ਅਤੇ ਸੂਤਕ

ਮਾਸ-ਅਹਾਰ ਦੇ ਹਠ-ਧਰਮੀਆਂ ਵਾਂਗ ਭਾਰਤ ਦੇ ਬ੍ਰਾਹਮਣ ਨੇ ਸੂਤਕ-ਪਾਤਕ ਦਾ ਸਿਧਾਂਤ ਦੇ ਕੇ ਭੋਲੀ ਭਾਲੀ ਜਨਤਾ ਨੂੰ ਖੌਝਲ ਪਾਣ ਦਾ ਯਤਨ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੇ ੧੮ਵੇਂ ਸਲੋਕ ਵਿਚ ਇਸ ਭ੍ਰਾਂਤ੍ਰੀ ਦਾ ਸਮਾਧਾਨ ਕਰ ਕੇ ਯੋਗ ਸੇਧ ਬਖ਼ਸ਼ੀ । ਸਲੋਕ ਇਸ ਤਰ੍ਹਾਂ ਹੈ—

ਸਲੋਕ ਮ: ੧ ॥

ਜੇਕਰਿ ਸੂਤਕੁ ਮੰਨੀਐ ਸਭਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥

ਮ: ੧ ॥

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥੨॥

ਮ: ੧ ॥

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥


www.AKJ.Org

ਉਪਰੋਕਤ ਸਲੋਕ ਦੀਆਂ ਪਹਿਲੀਆਂ ਚਾਰ ਪੰਗਤੀਆਂ ਵਿਚ ਬ੍ਰਾਹਮਣ ਵਲੋਂ ਪਰਚਾਰੇ ਗਏ ਸੂਤਕ ਦੀ ਥੀਊਰੀ ਦਾ ਵਰਨਣ ਹੈ। ਫਿਰ ਸਿਧਾਂਤਕ ਨੁਕਤਾ ਉਠਾਇਆ ਹੈ ਕਿ ਜੇਕਰ ਸੂਤਕ ਦੀ ਇਸ ਥਿਊਰੀ ਨੂੰ ਮੰਨ ਲਈਏ ਤਾਂ ਸਾਰੇ ਜੀਵ ਅੰਨ-ਭੋਜਨ ਅੰਗੀਕਾਰ ਕਰਨ ਦੇ ਕਾਰਨ ਪਾਪ ਅਤੇ ਅਪਵਿਤਰਤਾ ਦੇ ਭਾਗੀ ਬਣ ਜਾਂਦੇ ਹਨ। ਪੰਜਵੀਂ ਤੁਕ ਵਿਚ ਇਹ ਸਵਾਲ ਕੀਤਾ ਹੈ ਕਿ ਇਸ ਸੂਤਕ ਤੋਂ ਬਚੱ ਕਿਵੇਂ ਸੰਭਵ ਹੋ ਸਕਦਾ ਹੈ ? ਅਗਲੀ ਪੰਗਤੀ ਵਿਚ ਉਤਰ ਹੈ ਕਿ ਸੂਤਕ ਤੋਂ ਛੁਟਕਾਰਾ ਕੇਵਲ ਗਿਆਨ ਦੁਆਰਾ ਹੋ ਸਕਦਾ ਹੈ।

ਸਲੋਕ ਦੇ ਦੂਜੇ ਅੰਕ ਵਿਚ ਮਨੁਖ ਨੂੰ ਚਿਮੜੇ ਸੂਤਕ ਦਾ ਸਹੀ ਸਰੂਪ ਨਿਰੂਪਣ ਕੀਤਾ ਹੈ ਕਿ ਮਨ ਲਈ ਲੋਭ ਸੂਤਕ ਹੈ, ਜੀਭ ਲਈ ਕੂੜ ਬੋਲਣਾ, ਅੱਖਾਂ ਲਈ ਪਰਾਇਆ ਰੂਪ ਦੇਖਣਾ ਅਤੇ ਕੰਨਾਂ ਲਈ ਪਰਾਈ ਨਿੰਦਿਆ ਚੁਗਲੀ ਸੁਣਨੀ ਸੂਤਕ ਹੈ, ਅਤੇ ਇਸ ਭਾਂਤ ਦੇ ਸੂਤਕ ਵਿਚ ਗ੍ਰਸਿਆ ਮਨੁਖ ਜਮ ਦੀ ਫਾਹੀ ਵਿਚ ਫਸਦਾ ਹੈ।

ਸਲੋਕ ਦੀਆਂ ਅੰਤਲੀਆਂ ਤੁਕਾਂ ਵਿਚ ਤਤ-ਸਾਰ ਦੇਂਦਿਆਂ ਫੁਰਮਾਇਆ ਹੈ ਕਿ ਬ੍ਰਾਹਮਣ ਵਲੋਂ ਪ੍ਰਚਾਰਿਆ ਸਾਰਾ ਸੂਤਕ-ਸਿਧਾਂਤ ਭਰਮ-ਜਾਲ ਹੈ ਤੇ ਇਹ ਦਵੈਤ-ਮਾਰਗ ਹੈ। ਆਉਣਾ, ਜਾਣਾ, ਜੰਮਣਾ, ਮਰਨਾ ਭਾਣੇ ਵਿਚ ਹੈ, ਅੰਨ-ਦਾਣਿਆਂ ਤੋਂ ਬਣਿਆ ਭੋਜਨ ਪਵਿਤਰ ਪਕਵਾਨ ਹੈ। ਇਹ ਰਿਜ਼ਕ ਮਨੁਖ ਲਈ ਉਸ ਦੇ ਰਚਣਹਾਰ ਰਾਜ਼ਕ-ਰਹੀਮ ਪ੍ਰਭੂ ਨੇ ਬਣਾਇਆ ਹੈ ਤੇ ਇਸ ਦੇ ਭੁੰਚਣ ਨਾਲ ਮਨੁਖ ਤੇ ਕੋਈ ਦੋਸ਼ ਨਹੀਂ ਆਂਉਂਦਾ।

ਜੀਵਨ-ਨਿਰਬਾਹ ਲਈ ਭਗਤ-ਜਨਾਂ ਨੇ ਜੋ ਸਾਤਵਿਕ ਖਾਧ ਖੁਰਾਕ ਆਪਣੇ ਪ੍ਰਭੂ ਤੋਂ ਮੰਗੀ, ਉਹ ਗੁਰਬਾਣੀ ਵਿਚ ਅੰਕਿਤ ਹੈ—

ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥
ਹਉ ਮਾਂਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥੧॥
ਮਾਧਉ ਕੈਸੀ ਬਨੈ ਤੁਮ ਸੰਗੇ ॥
ਆਪਿ ਨ ਦੇਹੁ ਤ ਲੇਵਉ ਮੰਗੇ ॥ਰਹਾਉ॥
ਦੁਇ ਸੇਰ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥
ਅਧ ਸੇਰੁ ਮਾਂਗਉ ਦਾਲੇ ॥ ਮੋ ਕਉ ਦੋਨਉ ਵਖਤ ਜਿਵਾਲੇ ॥੨॥
ਖਾਟ ਮਾਂਗਉ ਚਉਪਾਈ ॥ ਸਿਰਹਾਨਾ ਅਵਰ ਤੁਲਾਈ ॥
ਊਪਰ ਕਉ ਮਾਂਗਉ ਖੀਂਧਾ ॥ ਤੇਰੀ ਭਗਤਿ ਕਰੈ ਜਨੁ ਥੀਂਧਾ ॥੩॥
ਮੈ ਨਾਹੀ ਕੀਤਾ ਲਬੋ ॥ ਇਕੁ ਨਾਮੁ ਤੇਰਾ ਮੈ ਫਬੋ ॥
ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥
[ਸੋਰਠਿ ਕਬੀਰ ਜੀ, ਪੰਨਾ ੬੫੬

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ਰਹਾਉ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥ [ਧਨਾਸਰੀ ਧੰਨਾ ਜੀ, ਪੰ: ੬੯੫



www.AKJ.Org

ਗੁਰਬਾਣੀ ਦੀਆਂ ਉਪਰੋਕਤ ਉਦਾਹਰਣਾਂ ਦੀ ਰੌਸ਼ਨੀ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਅੰਨ-ਭੋਜਨ ਮਨੁਖ ਦਾ ਕੁਦਰਤੀ ਅਹਾਰ ਅਥਵਾ ਰਿਜ਼ਕ ਹੈ ਅਤੇ ਜੀਵਨ-ਨਿਰਬਾਹ ਲਈ ਮਨੁਖ ਲਈ ਇਸ ਦਾ ਸੇਵਨ ਕਰਨਾ ਕਦਾਚਿਤ ਪ ਪ-ਕਰਮ ਨਹੀਂ, ਸਗੋਂ ਇਸ ਦੇ ਉਲਟ ਅਜਿਹਾ ਕਰਨਾ ਮਨੁਖ ਦਾ ਪਰਮ ਧਰਮ ਹੈ।

ਅੰਨ-ਭੋਜਨ ਅਤੇ ਮਾਸ ਭੋਜਨ ਦੋਹਾਂ ਵਿਚ ਬੜਾ ਫ਼ਰਕ ਹੈ ਤੇ ਇਨ੍ਹਾਂ ਨੂੰ ਇਕੋ ਛਾਬੇ ਵਿਚ ਤੋਲਣਾ ਠੀਕ ਨਹੀਂ। ਇਸ ਸੂਖਮ ਫ਼ਰਕ ਨੂੰ ਦਰਸਾਉਣ ਲਈ ਦੋ ਉਦਾਹਰਣਾਂ ਪੇਸ਼ ਹਨ–

(ੳ) ਕੇਸਾਂ ਦੀ ਪਾਲਣਾ–
ਕੇਸਾਂ ਦੀ ਬੇਅਦਬੀ–

ਸਿਖ ਧਰਮ ਵਿਚ ਕੇਸਾਂ ਦੀ ਬੜੀ ਮਹੱਤਤਾ ਹੈ। ਕੇਸ ਗੁਰੂ ਕੀਆਂ ਮੋਹਰਾਂ ਹਨ। ਸੋ ਗੁਰੂ ਕੀਆਂ ਮੋਹਰਾਂ ਜਾਣ ਕੇ ਕੇਸਾਂ ਦੇ ਸਤਿਕਾਰ ਕਰਨ, ਅਥਵਾ ਕੇਸਾਂ ਦੀ ਸੇਵਾ-ਸੰਭਾਲ ਕਰਨ ਦਾ ਹੁਕਮਹੈ। ਇਸ ਮੰਤਵ ਲਈ ਰਹਿਤਨਾਮੇ ਵਿਚ ਹਰੇਕ ਸਿਖ ਨੂੰ ਸਵੇਰੇ ਸ਼ਾਮ ਦੋਵੇਂ ਵੇਲੇ ਕੇਸਾਂ ਨੂੰ ਕੰਘਾ ਕਰਨ ਦੀ ਹਦਾਇਤ ਹੈ–

ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਧਈ ॥
ਦਾਤਨ ਨੀਤ ਕਰ ਨਾ ਦੁਖ ਪਾਇ ਲਾਲ ਜੀ ॥

ਕੇਸਾਂ ਨੂੰ ਕੰਘਾ ਕਰਦਿਆਂ ਕੁਦਰਤੀ ਤੌਰ ਤੇ ਕੁਝ ਮੁਰਦਾ ਹੋ ਚੁਕੇ ਕੇਸ ਸੀਸ ਤੋਂ ਵੱਖ ਹੋ ਕੇ ਕੰਘੇ ਵਿਚ ਆ ਜਾਂਦੇ ਹਨ ਜਾਂ ਝੜ ਜਾਂਦੇ ਹਨ। ਦੂਜੇ ਪਾਸੇ ਕੁਝ ਵਿਅਕਤੀ ਫੈਸ਼ਨ ਅਧੀਨ ਕੈਂਚੀ ਉਸਤਰੇ, ਬਲੇਡ ਨਾਲ ਕੇਸ ਲੁਹਾਉਂਦੇ ਹਨ। ਨਿਰਸੰਦੇਹ ਦੋਹਾਂ ਹਾਲਤਾਂ ਵਿਚ ਕੇਸ ਉਤਰਦੇ ਹਨ; ਪਰ ਕੇਸਾਂ ਤੇ ਕੰਘਾ ਫੇਰਨਾ ਕੇਸਾਂ ਦੀ ਸੰਭਾਲ ਵਿਚ ਸ਼ਾਮਲ ਹੈ ਅਤੇ ਸ਼ਲਾਘਾ ਯੋਗ ਕਰਮ ਹੈ ਅਤੇ ਕੇਸਾਂ ਤੇ ਉਸਤਰਾ ਜਾਂ ਕੈਂਚੀ ਆਦਿ ਫੇਰਨਾ ਪਤਿਤ-ਕਰਮ ਹੈ, ਅਤੇ ਇਸ ਦੀ ਕਰੜੀ ਮਨਾਹੀ ਹੈ। ਉਪਰੋਕਤ ਦੋਹਾਂ ਕਿਸਮਾਂ ਦੇ ਕਰਮਾਂ ਦਾ ਫ਼ਰਕ ਸਪੱਸ਼ਟ ਹੈ: ਇਕ ਰਹਿਤ ਦਾ ਅੰਗ ਹੈ ਅਤੇ ਹੁਕਮਨ ਕੀਤਾ ਜਾਣਾ ਜ਼ਰੂਰੀ ਹੈ, ਦੂਜਾ ਬੱਜਰ ਕੁਰਹਿਤ ਹੈ ਤੇ ਇਸ ਦੀ ਹੁਕਮਨ ਮਨਾਹੀ ਹੈ, ਭਾਵੇਂ ਕੇਸਾਂ ਦਾ ਉਤਰਨਾ ਦੋਹਾਂ ਕਰਮਾਂ ਵਿਚ ਹੀ ਹੁੰਦਾ ਹੈ।

(ਅ) ਨਿਜ-ਨਾਰੀ ਦਾ ਸੰਗ–
ਪਰ-ਨਾਰੀ ਦਾ ਸੰਗ–

ਸਿਖ ਧਰਮ ਵਿਚ ਗ੍ਰਿਹਸਤੀ ਜੀਵਨ ਦੀ ਪ੍ਰਧਾਨਤਾ ਹੈ। ਸਾਡੇ ਗੁਰੂ ਸਾਹਿਬਾਨ ਗ੍ਰਿਹਸਤੀ ਹੋਏ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਤਿਹਾਸ ਵਿਚ ਅੰਕਿਤ ਪਾਵਨ ਬਚਨਾਂ ਅਨੁਸਾਰ "ਔਰਤ ਈਮਾਨ ਹੈ"। ਪਰ ਗੁਰਮੁਖ ਗ੍ਰਿਹਸਤੀ ਲਈ ਗੁਰਮਤਿ ਦਾ ਉਪਦੇਸ਼ ਹੈ–

ਏਕਾ ਨਾਰੀ ਜਤੀ ਹੋਇ ਪਰ-ਨਾਰੀ ਧੀ ਭੈਣ ਵਖਾਣੈ ॥੮॥

[ਭਾਈ ਗੁਰਦਾਸ ਜੀ, ਵਾਰ ੬

ਪਰ ਨਾਰੀ ਦਾ ਸੰਗ ਸਿੱਖੀ ਵਿਚ ਪਤਿਤ ਕਰਮ ਗਰਦਾਨਿਆ ਗਿਆ ਹੈ ਅਤੇ ਇਸ ਦੀ ਮਨਾਹੀ ਹੈ।

ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢੈਯਹੁ ॥


www.AKJ.Org

ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥ [ਰੂਪ ਕੁਮਾਰ ਪ੍ਰਥਾਏ, ਪਾ: ੧੦
ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ॥੮। [ਫੁਨਹੇ ਮ: ੫, ਪੰਨਾ ੧੩੬੨
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥੪॥
[ਭਾਈ ਗੁਰਦਾਸ ਜੀ, ਵਾਰ ੬
ਪਰ ਬੇਟੀ ਕੋ ਬੇਟੀ ਜਾਨੈ ॥ ਪਰ ਇਸਤ੍ਰੀ ਕੋ ਮਾਤ ਬਖਾਨੈ ॥
ਅਪਨੀ ਇਸਤ੍ਰੀ ਸੇ ਹਿਤ ਹੋਈ ॥ ਰਹਤਵਾਨ ਗੁਰੂ ਕਾ ਸਿਖ ਸੋਈ ॥
[ਰਹਿਤਨਾਮਾ ਭਾਈ ਦੇਸਾ ਸਿੰਘ ਜੀ

ਜੇ ਕੋਈ ਵਿਗੜਿਆ ਤਿਗੜਿਆ ਪਰ-ਤ੍ਰਿਆ-ਗਾਮੀ ਵਿਕਾਰੀ ਮਨੁਖ ਆਪਣੇ ਵਿਕਾਰ ਨੂੰ ਲੁਕਾਉਣ ਲਈ ਜਾਂ ਠੀਕ ਸਿਧ ਕਰਨ ਲਈ ਇਹ ਹੁਜਤ ਕਰੇ ਕਿ ਗ੍ਰਿਹਸਤੀ ਵੀ ਭੋਗੀ ਹੈ ਤੇ ਪਰ-ਨਾਰੀ-ਗਾਮੀ ਵੀ ਭੋਗੀ ਹੈ ਤੇ ਏਸ ਤਰ੍ਹਾਂ ਦੋਹਾਂ ਵਿਚ ਕੋਈ ਫ਼ਰਕ ਨਹੀਂ ਤਾਂ ਗੁਰਬਾਣੀ ਦਾ ਡੰਡਾ ਪਟਾਕ ਉਸਦੇ ਸਿਰ ਵਿਚ ਵਜਦਾ ਹੈ—

ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥
ਰੇ ਨਰ ਕਾਹਿ ਪਰ ਗ੍ਰਿਹਿ ਜਾਹਿ ॥
ਕੁਚਿਲ ਕਠੋਰ ਕਾਮਿ ਗਰਧਭ
ਤੁਮ ਨਹੀ ਸੁਨਿਓ ਧਰਮਰਾਇ ॥੧॥ਰਹਾਉ॥ [ਮਾਰੂ ਮ: ੫, ਪੰਨਾ ੧੦੦੧
ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥ [ਆਸਾ ਮ: ੫, ਪੰਨਾ ੪੦੩

ਉਪਰੋਕਤ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਗ੍ਰਿਹਸਤ-ਪ੍ਰਵੇਸ਼ ਸੰਸਾਰ ਦੀ ਵਿਰਧੀ ਲਈ ਕੁਦਰਤੀ ਨਿਯਮਾਂ ਦੇ ਅਨਕੂਲ ਹੈ, ਪੁੰਨ ਕਰਮ ਹੈ, ਗੁਰਮਤਿ ਅਨੁਸਾਰ ਇਸ ਦਾ ਵਿਧਾਨ ਹੈ,ਪਰ ਇਸ ਦੇ ਉਲਟ ਪਰ-ਨਾਰੀ ਦਾ ਸੰਗ ਮਨੁਖੀ ਸਮਾਜ ਦੇ ਪਤਨ ਦਾ ਪਰਮੁਖ ਕਾਰਨ ਹੈ, ਪਾਪ ਹੈ ਅਤੇ ਗੁਰਮਤਿ ਅਨੁਸਾਰ ਇਸ ਦੀ ਨਿਖੇਧੀ ਹੈ, ਭਾਵੇਂ ਭੋਗ-ਕਿਰਿਆ ਦੋਹਾਂ ਹਾਲਤਾਂ ਵਿਚ ਅਵੱਸ਼ ਹੈ।

ਸੋ ਜੋ ਫ਼ਰਕ ਕੰਘਾ ਕਰਦਿਆਂ ਕੇਸਾਂ ਦੇ ਉਤਰਨ ਵਿਚ ਅਤੇ ਕੈਂਚੀ ਉਸਤਰੇ ਨਾਲ ਉਤਾਰਨ ਵਿਚ ਹੈ, ਅਤੇ ਜੋ ਫ਼ਰਕ ਨਿਜ-ਨਾਰੀ ਦੇ ਸੰਗ ਅਤੇ ਪਰਨਾਰੀ ਦੇ ਸੰਗ ਵਿਚ ਹੈ, ਉਹੀ ਫਰਕ ਅੰਨ-ਭੋਜਨ ਅਤੇ ਮਾਸ ਭੋਜਨ ਵਿਚ ਹੈ। ਇਨ੍ਹਾਂ ਵਿਚੋਂ ਇਕ ਪੁੰਨ-ਕਰਮ ਹੈ ਅਤੇ ਦੂਜਾ ਵਿਕਾਰ। ਅੰਨ-ਭੋਜਨ ਅਤੇ ਮਾਸ-ਭੋਜਨ ਵਿਚ ਫਰਕ ਨਿਰੂਪਨ ਕਰਨ ਲਈ ਕੁਝ ਠੋਸ ਦਲੀਲਾਂ ਦਿਤੀਆਂ ਗਈਆਂ ਹਨ, ਪਰ ਹਠ-ਧਰਮੀ ਵਾਲਾ ਰਵੱਈਆ ਕਿਸੇ ਦਲੀਲ ਨੂੰ ਸਵੀਕਾਰ ਨਹੀਂ ਕਰਦਾ, ਭਾਵੇਂ ਕਿੰਨੀ ਨਿਗਰ ਤੇ ਢੁਕਵੀਂ ਹੋਵੇ, ਬਿਬੇਕ ਬੁਧੀ ਨਾਲ ਵਿਚਾਰਿਆਂ ਗੱਲ ਸਪਸ਼ਟ ਹੋ ਜਾਂਦੀ ਹੈ।

ਉਪਰ ਇਹ ਪੱਖ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਅੰਨ-ਭੋਜਨ ਤੇ ਮਾਸ ਭੋਜਨ ਦੋਹਾਂ ਵਿਚ ਫ਼ਰਕ ਹੈ ਅਤੇ ਦੋਹਾਂ ਨੂੰ ਇਕੋ ਛਾਬੇ ਤੋਲਣਾ ਅਨੁਥਾ ਹੈ। ਪਰ ਨਿਗਰ ਤੇ ਢੁਕਵੀਆਂ ਦਲੀਲਾਂ ਦੇ ਬਾਵਜੂਦ ਗੁਰਬਾਣੀ ਦੇ ਅੰਦਰਲੇ ਨਿਰਣੇ ਨਾਲ ਹੀ ਤਸੱਲੀ ਹੋ ਸਕਦੀ ਹੈ।

ਗੁਰਬਾਣੀ ਵਿਚੋਂ ਜਿਥੇ ਅੰਨ ਭੋਜਨ ਦਾ ਵਿਧਾਨ ਮਿਲਦਾ ਹੈ ਓਥੇ ਮਾਸ-ਭੋਜਨ ਦੀ ਸਪੱਸ਼ਟ ਨਿਖੇਧੀ ਮਿਲਦੀ ਹੈ। ਜਦੋਂ ਦੋ ਵਿਰੋਧੀ ਪਦਾਰਥਾਂ ਦਾ ਇਕੋ ਥਾਵੇਂ ਵਰਨਣ ਕਰ ਕੇ ਇਕ ਦਾ ਵਿਧਾਨ ਤੇ ਦੂਜੇ ਦੀ ਨਿਖੇਧੀ ਕੀਤੀ ਜਾਵੇ ਤਾਂ ਇਹ ਨਿਰਣਾ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ?

ਗੁਰਬਾਣੀ ਵਿਚ ਸਪੱਸ਼ਟ ਨਿਰਣਾ ਹੈ। ਜੇ ਕੋਈ ਮੰਨਣੋਂ ਇਨਕਾਰ ਕਰੇ ਤਾਂ ਉਸ ਦੀ ਮਰਜ਼ੀ। ਗੁਰਬਾਣੀ ਦਾ ਨਿਰਣਾ ਥਲੇ ਅੰਕਿਤ ਕਰ ਕੇ ਇਸ ਵਿਚਾਰ ਨੂੰ ਖਤਮ ਕੀਤਾ ਜਾਂਦਾ ਹੈ—

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥
ਹੇਰਾ=ਮਾਸ। [ਸਲੋਕ ਕਬੀਰ ਜੀ, ਪੰ ੧੩੭੪

www.AKJ.Org


(ਚਲਦਾ)

# ਸਚਖੰਡ ਦਰਸ਼ਨ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਇਸ ਦ੍ਰਿਸ਼ਟਮਾਨ ਅਥਾਹ ਆਕਾਸ਼ ਦੇ ਲਾਮੁਹੀਤ ਪੁਲਾੜ ਅੰਦਰ ਅਨੇਕਾਂ ਅਤੇ ਅਣਗਿਣਤ ਗੁਪਤ ਪ੍ਰਗਟ ਨਜ਼ਾਰੇ ਪਸਾਰੇ ਹਨ। ਸਥੂਲ ਦ੍ਰਿਸ਼ਟੀ ਨੂੰ ਦਿਸਣਹਾਰੇ ਤਾਰਾ-ਗਣੀ ਗਣ, ਸੂਰ ਨਖਿਅ-ਤਰੀ ਖੰਡਾਂ ਬ੍ਰਹਿਮੰਡਾਂ ਦੀ ਬੇਅੰਤਤਾ ਦਾ ਪਾਰਾਵਾਰ ਆਉਣਾ ਹੀ ਅਤਿ ਕਠਨ ਹੈ। ਸਰਬ ਸ਼ਕਤੀਮਾਨ ਕਾਦਰ ਦੀ ਗੁਪਤ ਗੌਝਾਰੀ ਕੁਦਰਤ ਦੀ ਅਦ੍ਰਿਸ਼ਟ ਅਗੋਚਰ ਰਚਨਾ ਦਾ ਕਉਣ ਪਾਰ ਪਾ ਸਕਦਾ ਹੈ। ਏਹਨਾਂ ਸਥੂਲ ਅੱਖੀਆਂ ਦੇ ਦ੍ਰਿਸ਼ਟ-ਦਾਇਰੇ ਤੋਂ ਅਪਰੰਪਰ ਦਿਬ-ਲਤੀਫੀ ਮੰਡਲਾਂ ਦੀ ਰਚਨਾ ਨੂੰ ਤਾਂ ਸੋਈ ਜਾਣ ਸਕਦੇ ਹਨ, ਜਿਨ੍ਹਾਂ ਨੂੰ ਕਾਦਰ ਕਰਤੇ ਪੁਰਖ ਨੇ ਗੁਰ-ਨਦਰ ਨਦਰਾ ਕੇ ਦਿਬ ਦ੍ਰਿਸ਼ਟੇ ਲੋਇਣ, ਅੰਤਰਿ ਚਾਨਣੇ ਵਾਲੇ ਲੋਇਣ ਬਖਸ਼ੇ ਹਨ। ਸਾਇੰਸ ਵਿਦਿਆ ਦੇ ਅਕਲੱਈਆਂ ਨੂੰ ਤਾਂ ਏਹਨਾਂ ਦਿਸ ਰਹੇ ਤਾਰਿਆਂ, ਸਤਾਰਿਆਂ ਨਾਲ ਭਰਿਆ ਹੋਇਆ ਆਕਾਸ਼ ਪੁਲਾੜ ਭੀ ਸਾਰਾ ਨਹੀਂ ਦਿਸਦਾ; ਕੇਵਲ ਦਿਖ-ਹਦੇ ਦੀ ਗੋਲਾਕਾਰ ਰਚਨਾ ਦਾ ਸਥੂਲ ਦ੍ਰਿਸ਼ਟ ਝਾਉਲਾ ਮਸਾਂ ਓਥੇ ਤਕ ਹੀ ਪੈਂਦਾ ਹੈ ਜਿਥੇ ਤਾਈਂ ਕਿ ਇਹ ਧਰਤੀ ਤੇ ਅਸਮਾਨ ਦਿਸਣਹਾਰੀ ਜੜ ਤਾਈਂ ਮਿਲੇ ਹੋਏ ਜਾਪਦੇ ਹਨ। ਅੱਖੀਆਂ ਅਗੇ ਵਡੀ ਤੋਂ ਵਡੀ ਖੁਰਬੀਨ, ਖ਼ੁਰਦਬੀਨ ਲਾ ਕੇ ਦੇਖਿਆਂ ਭੀ ਦ੍ਰਿਸ਼ਟਮਾਨ ਅਕਾਸ਼ ਪੁਲਾੜ ਅੰਦਰਲੀ ਚਿਤ੍ਰਕਾਰੀ ਦਾ ਡੂੰਘ ਥਾਹ ਅਜ ਤਾਈਂ ਕਿਸੇ ਤੋਂ ਨਹੀਂ ਲੈ ਹੋਇਆ। ਸਾਇੰਸ ਦੀ ਡੂੰਘੀ ਤੋਂ ਡੂੰਘੀ ਵਿੱਦਿਆ ਦੀ ਪਹੁੰਚ ਕੇਵਲ ਈਥਰ ਪ੍ਰਮਾਣੂਆਂ ਅਤੇ ਰੇਡੀਓ ਰੈਆਂ (rays) ਤੇ ਇਲੈਕਟ੍ਰੋਲ ਤਾਈਂ ਹੀ ਗੰਮਤਾ ਕਰ ਸਕੀ ਹੈ। ਇਹ ਇਕ ਅਣਦਿਸਦੀ ਰਚਨਾ ਦਾ ਗੁਪਤੋਂ ਪ੍ਰਗਟ ਹੋਇਆ ਨੌ-ਈਜਾਦ ਭਾਰੀ ਕ੍ਰਿਸ਼ਮਾ ਗਿਣਿਆ ਜਾਂਦਾ ਹੈ। ਜਿਸ ਨੇ ਮਾਦਾ-ਪ੍ਰਸਤਾਂ ਦੇ ਇਸ ਗੁਮਾਨ ਨੂੰ ਤੋੜ ਕੇ ਪਾਸ਼ ਪਾਸ਼ ਕਰ ਦਿਤਾ ਹੈ ਜੋ ਕਹਿਆ ਕਰਦੇ ਸਨ ਕਿ ਇਸ ਦ੍ਰਿਸ਼ਟਮਾਨ ਪਸਾਰੇ ਤੋਂ ਪਰੇ ਓਹਲੇ ਹੋਰ ਕੋਈ ਗੁਪਤ ਰਚਨਾ ਨਹੀਂ। ਪਰ ਏਹਨਾਂ ਰੇਡੀਓ ਰੇਈ ਸਾਇੰਸਦਾਨਾਂ ਨੂੰ ਭੀ ਅਜੇ ਕਰਤੇ ਪੁਰਖ ਦੀ ਅਗੰਮ ਅਗੋਚਰ ਰਚਨਾ ਦਾ ਐਵੇਂ ਰਿਜ਼ਮ ਮਾਤਰ ਰੁਮਕਾ ਹੀ ਹਾਸਲ ਹੋਇਆ ਹੈ, ਓਹ ਭੀ ਬੜਾ ਨਾ-ਮੁਕੰਮਲ। ਇਸ ਨਵੀਨ ਰੁਮਕੇ ਨੂੰ ਮੰਨ ਕੇ (ਐਕਨਾਲਜ ਕਰ ਕੇ) ਭੀ ਬਹੁਤ ਸਾਰੇ ਏਦੂੰ ਉਪਰਲੀ, ਏਦੂੰ ਅਮੀਕ ਡੂੰਘਾਈਆਂ ਵਾਲੀ, ਅਗੰਮ ਅਗੋਚਰੀ ਰਚਨਾ ਦੀ ਅਨਿਕ ਪ੍ਰਕਾਰੀ ਦਿਬ-ਚਿਤਰ-ਬਚਿਤਰੀ ਰਚਨਾ ਦੀ ਹੋਂਦ (existence) ਤੋਂ ਆਕੀ ਹੋਏ ਬੈਠੇ ਹਨ।

## ਪੰਜਾਂ ਖੰਡਾਂ ਦਾ ਨਿਰਣਾ—

ਅਸਾਡੇ ਗੁਰੂ ਸਾਹਿਬਾਨ ਨੇ ਧੁਰੋਂ ਆਈ ਗੁਰਬਾਣੀ ਦਾ ਦਿੱਬ ਚਾਨਣਾ ਪਾ ਕੇ ਅਕਾਲ ਪੁਰਖ ਦੀ ਗੁਪਤ ਰਚਨਾ ਸੰਬੰਧੀ ਆਪਣੇ ਧੁਰ-ਅਗੰਮੀ-ਖੇਡ ਨੂੰ ਪਹੁੰਚੇ ਹੋਏ ਦਿਬ-ਦ੍ਰਿਸ਼ਟੇ ਦੀਦਿਆਂ ਦੀ ਉਹ ਚਸ਼ਮ-ਦੀਦ ਸਾਖਾ ਭਰੀ ਹੈ, ਜਿਸ ਨੂੰ ਗੁਟ-ਵਿਚਾਰ ਦੀ ਰੌਸ਼ਨੀ ਤਲੇ ਵੀਚਾਰ ਕੇ ਚਕ੍ਰਿਤ ਰਹਿ ਜਾਈਦਾ ਹੈ। ਪ੍ਰੰਤੂ ਜੋ ਕੁਛ ਭੀ ਅਸਾਡੇ ਸਰਬੱਗ ਸਤਿਗੁਰੂ ਸਾਹਿਬਾਨ ਨੇ ਗੁਰੂ ਬਾਣੀ ਦੁਆਰਾ ਵਰਨਣ ਕੀਤਾ, ਉਹ ਏਹਨਾਂ ਸਮਰਥ ਸਾਹਿਬਾਨ ਦਾ ਅਖੀਂ ਪੇਖਿਆ, ਧੁਰ ਦ੍ਰਿਸ਼ਟਿਆ, ਸਾਖਸ਼ਾਤਕਾਰ ਕੀਤਾ ਤਜਰਬਾ ਹੈ। ਉਸ ਵਿਚ ਸਿਦਕਵਾਨਾਂ ਗੁਰਮੁਖਾਂ ਲਈ ਤਾਂ ਕਿੰਤੂ ਕਰਨ ਦੀ ਰੰਚਕ ਮਾਤਰ ਭੀ ਗੁੰਜਾਇਸ਼ ਨਹੀਂ।

ਪ੍ਰੰਤੂ ਫਿਰ ਭੀ ਬਹੁਤ ਸਾਰੇ ਸਿਖ ਸਜਣ ਐਸੇ ਹਨ ਜੋ ਗੁਰਬਾਣੀ ਨੂੰ ਪੜ੍ਹ ਸੁਣ ਕੇ ਭੀ ਗੁਰਬਾਣੀ ਅੰਦਰ ਦਰਸਾਈ ਗੁਪਤ ਚਮਤਕਾਰੀ ਰਚਨਾਵਲੀ ਨੂੰ ਤੱਤ ਸਤਤਾ (fact) ਮੰਨਣੋਂ ਸ਼ਾਕੀ ਧ



www.AKJ.Org

ਇਨਕਾਰੀ ਹਨ। ਸਿਰੀ ਜਪੁਜੀ ਸਾਹਿਬ ਦੀ ਬਾਣੀ ਅੰਤਰ ਨਿਰਣਤ ਕੀਤੇ ਪੰਜਾਂ ਖੰਡਾਂ (ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚ ਖੰਡ) ਦੀ ਬਾਬਤ ਉਹਨਾਂ ਦੀ ਇਹ ਰਾਇ ਹੈ ਕਿ ਇਹ ਅਨਭਵੀ ਅਵਸਥਾਵਾਂ ਹਨ। ਇਸ ਤੋਂ ਉਹਨਾਂ ਦਾ ਭਾਵ ਇਹ ਹੈ ਕਿ ਇਹ ਖੰਡ ਕੇਵਲ ਅਨਭਵ ਦੀ ਰਚਨਾ ਹਨ। ਜੈਸੀ ਜੈਸੀ ਅਨਭਵ ਦੀ ਅਵਸਥਾ ਹੁੰਦੀ ਹੈ ਤੈਸੀ ਤੈਸੀ ਰਚਨਾ ਅਨੁਭਵ ਆਪੇ ਰਚ ਲੈਂਦਾ ਹੈ।

ਜੇ ਇਹ ਖੰਡ ਕੇਵਲ ਅਵਸਥਾਵਾਂ ਹੀ ਹਨ ਅਤੇ ਤੱਤ ਸੱਤਤਾ ਵਾਲੇ ਕੋਈ ਵਾਸਤਵੀ ਮੰਡਲ ਨਹੀਂ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਇਹ ਅਵਸਥਾਵਾਂ ਕਿਸ ਅਨਭਵ ਦੀ ਰਚਨਾ ਹਨ ? ਜੇ ਕਹੋ ਵਿਦਵਾਨਾਂ ਅਥਵਾ ਵਿਦਿਅਕ ਗਿਆਨੀਆਂ ਦੀ ਅਨਭਵ ਰਚਨਾ ਦੀਆਂ ਇਹ ਅਵਸਥਾਵਾਂ ਹਨ ਤਦ ਤਾਂ ਜਿਤਨੇ ਭੀ ਵਿਦਿਅਕ ਗਿਆਨੀ ਹਨ, ਤਿਤਨੀਆਂ ਹੀ ਤਿਨ੍ਹਾਂ ਦੀਆਂ ਅਵਸਥਾਵਾਂ ਹੋਣਗੀਆਂ, ਕਿਉਂਕਿ ਜਿਤਨੇ ਭੀ ਬੁਧੀਸ਼ਰ ਵਿਦਿਅਕ ਗਿਆਨੀ ਤਿਤਨੇ ਹੀ ਤਿਨ੍ਹਾਂ ਦੇ ਅਨਭਵ। ਯਾ ਜਿਸ ਪ੍ਰਕਾਰ ਦੀ ਜਿਸ ਜਿਸ ਗਿਆਨਵਾਨ ਬੁਧੀਸ਼ਰ ਦੀ ਗਿਆਨ ਅਵਸਥਾ ਹੋਵੇਗੀ ਤਿਸ ਪ੍ਰਕਾਰ ਦਾ ਅਨਭਵੀ ਗਿਆਨ ਓਹਖੰਡ-ਮੰਡਲਾਂ ਦਾ ਰਚ ਲਵੇਗਾ। ਤ ਤੇ ਜਿਤਨੀ ਭਾਂਤ ਦੇ ਅਨਭਵ ਗਿਆਨ ਤਿਤਨੀ ਭਾਂਤ ਦੇ ਹੀ ਖੰਡਾਂ ਦੇ ਅਨਭਵ। ਇਸ ਬਿਧ ਅਨਭਵਾਂ ਅੰਦਰ ਰਚੀਆਂ ਅਵਸਥਾਵਾਂ ਦਾ ਹੀ ਭੇੜ ਮਚ ਜਾਊ। ਬਸ, ਇਹ ਸੋ-ਕਾਲਡ (ਅਖੌਤੀ) ਗਿਆਨੀਆਂ ਵਿਦਵਾਨਾਂ ਦਾ ਮਹਿਜ਼ ਆਪੋ ਆਪਣਾ ਅਨਭਵੀ ਅਨਮਾਨ ਰਚੰਨਾ ਖਿਲੌਨਾ ( Creation of fancy ) ਹੀ ਬਣ ਜਾਊ। ਜਿਸ ਨੂੰ ਜਦ ਜੀਅ ਕਰੇ ਢਾਹ ਲਿਆ, ਜਦ ਜੀ ਕਰੇ ਉਸਾਰ ਲਿਆ। ਇਹ ਅਨਮਾਨ ਅਵਸਥਵੀ ਗਿਆਨਵਾਨ ਦੀ ਅਨੁਭਵੀ ਉਪੰਨੀ ਮਰਜ਼ੀ ਤੇ ਮੁਨਹਸਰ ਹੈ।

ਐਸੇ ਖੰਡਾਂ ਦੇ ਧੁਰ ਕੀ ਆਈ ਬਾਣੀ ਅੰਦਰ ਨਿਰਣਤ ਕਰਨ ਦੀ ਗੁਰੂ ਸਾਹਿਬਾਨ ਨੂੰ ਕੀ ਲੋੜ ਸੀ ? ਜੇ ਕਹੋ ਕਿ ਇਹ ਖੰਡ ਗੁਰੂ ਸਾਹਿਬਬਾਨ ਦੀ ਅਨਭਵੀ ਅਵਸਥਾ ਦੀ ਰਚਨਾ ਹੈ ਤਦ ਤਾਂ—

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥ (੮੯੪)

ਦੇ ਗੁਰਵਾਕ ਅਨੁਸਾਰ ਮੁਇਮਾ ਆਪੇ ਹੀ ਹਲ ਹੋ ਗਿਆ ਅਤੇ ਸਾਫ਼ ਸਿਧ ਹੋ ਗਿਆ ਕਿ ਇਹ ਖੰਡ ਕੋਈ ਅਨੁਭਵੀ ਰਚਨਾ ਨਹੀਂ ਬਲਕਿ ਗੁਰੂ ਸਾਹਿਬਾਨ ਦੀ ਸਚੀ ਸਾਕਸ਼ਾਤਕਾਰਤਾ ਭਰੀ ਸਾਖਾ (ਸ਼ਹਾਦਤ) ਅਨੁਸਾਰ ਗੁਰੂ ਸਰੂਪ ਸੰਤਾਂ (ਸਤ-ਪੁਰਖਾਂ) ਦੇ ਆਪਣੇ ਅਖੀਂ ਦੇਖੇ ਤੱਤ ਸੱਤਤਾ ਦੀ ਹੋਂਦ ਵਾਲੇ ਖੰਡ ਮੰਡਲ ਹਨ ਅਤੇ ਏਹਨਾਂ ਦ੍ਰਿਸ਼ਟਮਾਨ ਖੰਡਾਂ ਬ੍ਰਹਿਮੰਡਾਂ ਦੀ ਸੱਤਤਾ ਨਾਲੋਂ ਪੰਜਾਂ ਖੰਡਾਂ ਦੀ ਸੱਤਤਾ ਅਬਿਚਲ ਪਾਇਦਾਰੀ ਵਾਲੀ ਹੈ। ਸਗੋਂ ਇਹ ਸਾਰੇ ਦ੍ਰਿਸ਼ਟਮਾਨ ਖੰਡ ਮੰਡਲ ਬ੍ਰਹਿਮੰਡ ਜੋ ਹਨ, ਸੋ ਪੰਜਾਂ ਖੰਡਾਂ,ਖਾਸ ਕਰ ਸਚ ਖੰਡ ਦੇ ਆਧਾਰ ਆਸਰੇ ਤੇ ਅੰਤਰਗਤਿ ਹੀ ਹਨ। ਇਹ ਖੰਡ ਦਿੱਬ ਮੰਡਲ ਹਨ,ਬੜੀ ਦੂਰ ਹਨ। ਪਰ ਏਹਨਾਂ ਮੰਡਲਾਂ ਵਿਚ ਏਸ ਸਰੀਰ ਵਿਚ ਹੁੰਦਿਆਂ ਵੀ ਸੂਖਮ ਸਰੀਰ ਸੰਯੁਕਤ, ਗੁਰਮਤਿ ਨਾਮ ਅਭਿਆਸ ਦੀ ਬਰਕਤ ਨਾਲ ਬੜੀ ਛੇਤੀ ਪਹੁੰਚ ਜਾਈਦਾ ਹੈ। ਸਰੀਰ ਤਿਆਗਣ ਪਿਛੋਂ ਤਾਂ ਪਹੁੰਚਣਾ ਈ ਹੋਇਆ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਏਹਨਾਂ ਪੰਜਾਂ ਖੰਡਾਂ ਦਾ ਅਪ੍ਰੋਕਸ਼ ਗਿਆਨ ਉਸ ਉਚ ਅਵਸਥਾਵੀ ਜਗਿਆਸੂ ਨੂੰ ਪ੍ਰਾਪਤ ਹੁੰਦਾ ਹੈ ਜੋ ਤੱਤ ਗੁਰਮਤਿ ਗਿਆਨ ਦੀ ਸਹਿਜ ਅਵਸਥਾ ਵਾਲੀ ਪਦਵੀ ਉਤੇ ਪੁਗ ਖਲੋਤਾ ਹੋਵੇ। ਇਸ ਉਚ ਆਤਮਕ ਅਵਸਥਾ ਨੂੰ ਪੁਗ ਖਲੋਤਾ ਹੋਇਆ ਉਤਮ ਪਰਮਾਰਥ ਪਾਂਧੀ ਹੀ ਪੰਜਾਂ ਖੰਡਾਂ ਨੂੰ ਤੱਤ ਵਾਸਤਵੀ ਸੱਤਤਾ ਦੀ ਹੋਂਦ (ਹਸਤੀ) ਵਿਚ ਲਖ ਸਕਦਾ (ਸਾਂਗੋ-ਪਾਂਗ ਦੇਖ ਸਕਦਾ) ਹੈ। ਸਚੇ ਅਨਭਵ ਦਾ ਇਨਕਸ਼ਾਫ਼ ਏਹੀ ਹੈ। ਅਨੁਮਾਨਕ ਅਨਭਵ ਦੀ ਏਥੇ ਸਮਾਈ ਨਹੀਂ,



www.AKJ.Org

ਅਨੁਮਾਨ ਅਨਭਵ ਵਾਲਿਆਂ ਦੀ ਅਨੁਮਾਨੀ ਅਵਸਥਾ ਹੀ ਹੁੰਦੀ ਹੈ। ਉਕਤ ਪੰਜਾਂ ਖੰਡਾਂ ਦੀ ਸਚੀ ਲਖਤਾ ਏਹਨਾ ਦਿਬ ਜੋਤਿਅਨੀ ਪੰਜਾਂ ਖੰਡਾਂ ਦੀ ਤੱਤ ਲਖਤਾ (ਰੀਅਲਾਈਜ਼ੇਸ਼ਨ realization) ਹੈ। ਤਿਥੇ ਅਪੜਨ ਨੂੰ "ਰੀਜ਼ਨ" (ਯੁਕਤੀ) ਅਤੇ "ਇਨਟੀਊਸ਼ਨ" ਸਭ ਅਸਮਰਥ ਹਨ। ਗੁਰਮਤਿ ਨਾਮ ਦੀ ਤੱਤ ਅਭਿਆਸ ਕਮਾਈ ਹੀ ਤਿਸ ਔਜ ਮੌਜਜ਼ਾਨੀ ਅਵਸਥਾ ਨੂੰ ਅਪੜਾਇ ਸਕਦੀ ਹੈ, ਪਰ ਇਹ ਅਵਸਥਾ ਨਿਰੀ ਅਵਸਥਾ ਹੀ ਨਹੀਂ, ਇਹ ਤਾਂ ਆਤਮ ਪਰਮਾਤਮ ਸਾਕਸ਼ਾਤਕਾਰਕ ਮੰਜ਼ਲ ਲਈ ਅਤ ਉੱਚਾ ਚਾਨਣ-ਮੁਨਾਰਾ ਹੈ। ਜਿਥੋਂ ਅਤਿ ਸੂਖਮ ਤੋਂ ਸੂਖਮ ਤਤਸਾਰਤਾ ਦੇ ਦਿਬ-ਦਰਸ਼ਨੀ ਨਜ਼ਾਰੇ ਅਨਿਕ ਭ ਤਨੀ ਜੋਤਿ ਜਲਵਨੀ ਪਸਾਰਿਆਂ ਵਿਚ ਦਿਬ-ਦੀਪਤ ਹੋਏ ਦਿਖਾਈ ਦਿੰਦੇ ਹਨ। ਏਥੇ ਸਚਾ ਅਨਭਵ ਖੁਲ੍ਹਦਾ ਹੈ। ਇਹ ਗਲੀਂ ਘੋਖਿਆ ਅਨਭਵੀ ਗਿਆਨ ਨਹੀਂ। ਏਥੇ ਮਾਨਵੀ ਸਥੂਲਤਾ ਦੇ ਛਉੜ ਕੱਟੇ ਜਾਂਦੇ ਹਨ, ਤਦ ਇਸ ਤੱਤ-ਅਸੰਵਥਾ ਦਾ ਉਘਾੜ ਹੁੰਦਾ ਹੈ। ਪਰ ਬੜੀਆਂ ਕਠਨ ਕਮ ਈਆਂ ਕਰ ਕੇ, ਅਰਥਾਤ ਗੁਰਮਤਿ ਦ੍ਰਿੜ੍ਹਾਏ, ਗੁਰਮਤਿ ਦਰਸਾਏ ਨਾਮ ਅਭਿਆਸ ਦੀਆਂ ਅਤੁਟ ਭਗਤਿ ਕਮਾਈਆਂ ਕਰ ਕੇ। ਜਿਥੇ—

ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥
ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ॥੧॥ਰਹਾਉ॥(੧੩੦੯)

ਗੁਰਭਾਵ ਵਾਲੀ ਅਥਾਹ ਅਭਿਆਸ ਕਮਾਈ ਕਰ ਕੇ :—

ਓਅੰਕਾਰ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥...(੪)

ਦੇ ਗੁਰਮਤਿ ਭਾਵ ਵਾਲੀ ਆਤਮ-ਪਰਮਾਤਮ ਲਖਤਾ ਪ੍ਰਾਪਤ ਹੋ ਗਈ ਹੋਵੇ। ਅਤੇ

ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥

ਵਾਲੀ ਸਮਦਰਸਤਾ ਅਤੇ—

ਗੁਰਮੁਖਿ ਜਾਇ ਮਿਲੈ ਮਹਲੀਂ ਅਨਹਦ ਸਬਦੁ ਬਜਾਵੈਗੋ ॥੫॥ (੧੩੧੦)
ਤੇ— ਤਹ ਅਨਹਦ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥ (੧੩੦੮)
[ਕਾਨੜਾ ਅਸਟਪਦੀਆ ਮਹਲਾ ੪

ਵਾਲੀ ਗੁਰਮਤਿ ਬਵਸਥਨੀ ਗੰਮਤਾ ਗਹਿ ਲਈ ਗਈ ਹੋਵੇ। ਓਥੇ ਹੀ ਪੰਜਾਂ ਖੰਡਾਂ ਦਾ ਸਾਕਸ਼ਾਤ ਗਿਆਨ ਹੋ ਸਕਦਾ ਹੈ। ਇਕਤ ਜੀਭ ਤੋਂ ਲਖ ਜੀਭਾਂ ਹੋ ਜਾਣ, ਲਖਾਂ ਤੋਂ ਭੀ ਕਈ ਲਖ ਹੋਰ ਵੀਹ-ਗੁਣੀਆਂ ਲਖਾਂ ਜੀਭਾਂ ਹੋ ਜਾਣ। ਏਹਨਾਂ ਲਖ ਕਰੋੜਾਂ ਜੀਭਾਂ ਦੁਆਰਾ ਪਰਮ ਈਸ ਜਗਦੀਸ ਦੇ ਇਸ ਇਕੋ ਗੁਰਮਤਿ ਨਾਮ ਨੂੰ ਲਖ ਲਖ ਵਾਰ ਵਿਰਦ ਅਭਿਆਸ ਕਰਿ ਕਰਿ ਜਪਿਆ ਜਾਏ ਤਾਂ ਇਸ ਅਥਾਹ ਜਪ ਜਾਪ ਦੇ ਪਰਤਾਪ ਕਰਿ ਪਤੀ-ਪਰਮੇਸਰ ਦੀ ਪ੍ਰਾਪਤੀ ਦੀਆਂ ਪਉੜੀਆਂ ਪਤਿ-ਪਵੜੀਆਂ ਤੇ ਚੜ੍ਹੀਦਾ ਹੈ ਅਤੇ ਐਸਾ ਚੜ੍ਹੀਦਾ ਹੈ ਕਿ ਪਰਮੇਸ਼ਰ ਈਸ਼ਰ ਪਰਮਾਤਮਾ ਨਾਲ ਇਕ-ਮਿਕ ਹੋ ਜਾਈਦਾ ਹੈ। ਈਸ਼ਰ ਨਾਲ ਇਕ-ਮਿਕਤਾ ਦੀ ਝਲਕਾਰ ਚਮਤਕਾਰਕ ਜਲਵਨੀ ਦਿਬ-ਦਰਸਤਾ ਹੋਇਆਂ ਸਾਰੀ ਹੀ ਰਚਨਾ ਦਾ ਉਘਾੜ ਇਸ ਪ੍ਰਕਾਰ ਹੋ ਜਾਂਦਾ ਹੈ ਮਾਨੋ ਇਕੋ ਨਜ਼ਰ ਫੇਰਿਆਂ ਸਾਰੇ ਗੁਪਤ ਪਰਗਟ ਨਜ਼ਾਰੇ ਸਾਂਗੋ ਪਾਂਗ ਸਨਮੁਖ ਹੋਇ ਦਿਖਾਈ ਦੇਣ ਲਗ ਜਾਂਦੇ ਹਨ। ਅਜਿਹੀਆਂ ਅਗੰਮੀ ਗੱਲਾਂ ਨੂੰ ਸੁਣ ਕੇ ਉਥੇ ਪੁਜ ਖਲੋਣ ਦੀ ਰੀਸ ਤਾਂ ਸਮਰਥਾ-ਹੀਣ ਕਮ-ਹੈਸੀਅਤਾਂ ਕੀੜਿਆਂ ਨੂੰ ਆ ਜਾਂਦੀ ਹੈ ਪ੍ਰੰਤੂ ਇਹ ਸਮਰਥਤਾ ਵਾਲਾ ਪਦ ਨਦਰਿ-ਕਰੰਮੀ ਹੀ ਪਾਈਦਾ ਹੈ। ਹੋਰ ਅਨੁਮਾਨਕ ਅਨਭਵ ਸ਼ਕਤੀ ਦੀਆਂ ਕੂੜਾਵੀਆਂ ਡੀਂਗਾਂ ਮਾਰਨ ਵਾਲਿਆਂ ਨੂੰ ਤਾਂ ਕੂੜਾਵੀਆਂ ਰੀਸਾਂ ਠੀਸਾਂ[ਗੱਪਾਂ] ਹੀ ਹਨ, ਯਥਾ ਗੁਰਵਾਕ :—

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖਵੀਸ ॥


www.AKJ.Org

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥ [ਜਪੁਜੀ ਸਾਹਿਬ

ਜਪੁਜੀ ਸਾਹਿਬ ਦੀ ਅਗਲੀ (ਤੇਤੀਵੀਂ) ਪਉੜੀ ਪਿਛਲੀ ਪਉੜੀ ਵਿਖੇ ਨਿਰਣਤ ਹੋਈ ਨਦਰ-ਕਰੰਮੀ ਸਮਰਥਤਾ ਪ੍ਰਾਪਤੀ ਦੀ ਪ੍ਰੌੜ੍ਹਤਾ ਕਰਦੀ ਹੋਈ ਨਿਰੂਪਨ ਕਰਾਉਂਦੀ ਹੈ ਕਿ ਇਸ ਪਦ ਪ੍ਰਾਪਤ ਹੋਣ, ਅਰਥਾਤ "ਏਤੁ ਰਾਹਿ ਪਤਿ ਪਵੜੀਆਂ ਚੜ੍ਹੀਐ ਹੋਇ ਇਕੀਸ" ਵਾਲਾ ਪਰਮ ਪਦ ਪ੍ਰਾਪਤ ਹੋਣ ਵੱਲੀ ਸ਼ਕਤ-ਸਮਰਥਾ ਵਾਲਾ ਤੇਜ-ਪਰਤਾਪੀ ਇਕਤਦਾਰ, ਜ਼ੋਰ ਤਾਣ (Strength, power)ਆਖਣ ਮਾਤਰ ਨਾਲ [ਗੱਲਾਂ ਨਾਲ], ਬਹੁਤਾ ਖਰੜ ਗਿਆਨ ਘੋਟਣ ਨਾਲ ਨਸੀਬ ਨਹੀਂ ਹੁੰਦਾ । ਨਾ ਹੀ ਚੁਪ ਕੀਤਿਆਂ, ਮੋਨ ਧਾਰਿਆਂ ਫੋਕੀ ਮੈਡੀਟਸ਼ਨ (ਫੋਕਾ ਧਿਆਨ) ਕੀਤਿਆਂ ਇਹ ਜੌਹਰ ਜੌਹਰੀ ਮਰਤਬਾ ਮਿਲਦਾ ਹੈ । ਨਾ ਹੀ ਫੋਕੀਆਂ ਬੇਥਵ੍ਹੀਆਂ ਮੰਗਣ ਮਈ ਲੇਲੜੀਆਂ ਕਢਿਆਂ ਇਹ ਜ਼ੋਰ ਤਾਣੁ ਤਵੱਸਲ [ਪ੍ਰਾਪਤ] ਹੁੰਦਾ ਹੈ । ਨਾ ਹੀ ਦਾਤੀਂ ਦਿਤਿਆਂ, ਦਾਨ ਪੁੰਨ ਕੀਤਿਆਂ ਇਹ ਸਚਾ ਤੇਜ-ਸ਼ਕਤੀਸ਼ਗੀ ਜੋਰ ਉਦੇ ਹੋਇ ਆਵੰਦਾ ਹੈ [ਸਗੋਂ ਦਾਨ ਦਾਤਾਰ ਬਣਨ ਦਾ ਅਹੰਕਾਰ ਹੀ ਵਧਦਾ ਹੈ] । ਨਾ ਹੀ ਬਹੁਤੀ ਜੀਵਣੀ ਕਰਿ, ਅਰਥਾਤ ਬਹੁਤੀ ਲੰਮੀ ਆਰਜਾ [ਉਮਰ] ਵਧਣ ਕਰਿ ਇਹ ਤਤ ਪਰਮਾਰਥ ਸ਼ਕਤਾਣੀਆ ਆਤਮ ਬਲ [ਜੋਰ] ਉਤਪੰਨ ਹੁੰਦਾ ਹੈ । ਨਾ ਹੀ ਕਿਸੇ ਪ੍ਰਕਾਰੀ ਹਠ-ਕਰਮੀ ਮਰਨੀ ਮਰਿਆਂ ਇਹ ਆਤਮ ਜਿਣਿ ਜੁਗਤੀਆ ਸਚੀ ਬੀਰਤਾ ਵਾਲਾ ਜੋਰ ਬਲ ਜ਼ਹੂਰ ਪਜ਼ੀਰ ਹੁੰਦਾ ਹੈ । ਨਾ ਹੀ ਰਾਜ ਮਾਲ ਦਾ ਧਨੀ ਬਣ ਕੇ ਇਹ ਬਲ ਜੋਰ ਪ੍ਰਾਪਤ ਹੁੰਦਾ ਹੈ, ਸਗੋਂ ਮਾਲ ਜੋਰ ਦੇ ਜੋਰ ਨਾਲ ਜਰਵਾਣੀਏ ਅਭਿਮਾਨ ਦਾ ਸ਼ੋਰ-ਸ਼ਰਾਬਾ ਹੀ ਮਨ ਅੰਦਰ ਵਧਦਾ ਹੈ ਅਤੇ ਪਇਆ ਫੁੰਕਾਰੇ ਮਾਰਦਾ ਫਿਰਦਾ ਹੈ । ਨਾ ਹੀ ਇਹ ਸਚਾ ਜੋਰ ਬਲ ਤਾਣ ਸੁਰਤੀਆਂ ਸਿਮਰਤੀਆਂ ਦੇ ਗਿਆਨ ਵੀਚਾਰ ਦੁਆਰਾ ਦੀਪਤ ਹੁੰਦਾ ਹੈ । ਨਾ ਹੀ ਇਹ ਸਚੀ ਆਤਮ-ਸਕਤਿ-ਕਲਾ ਵਾਲਾ ਜੋਰ ਸੰਸਾਰ ਤਿਆਗ ਦੀਆਂ ਸੰਨਿਆਸ-ਜੁਗਤੀਆਂ ਕਰ ਕੇ ਅੰਤਰਿ ਆਤਮੇ ਹੋਇ ਆਵੰਦਾ ਹੈ । ਪਰੰਤੂ ਜਿਸ ਸਰਬ ਸ਼ਕਤੀਮਾਨ ਸਰਬ ਕਲਾ ਭਰਪੂਰ ਪਰਮਾਤਮਾ ਦੇ ਹਥਿ ਵਸਿ ਇਸ ਜੋਰ ਬਲਿ ਸ਼ਕਤਿ ਦਾਨ ਦੀ ਸਮਰਥਾ ਹੈ, ਓਹੀ ਸਿਰ-ਦਾਤਿਆਂ-ਦਾਤਾਰ ਵਾਹਿਗੁਰੂ ਜਿਸ ਨੂੰ ਚਾਹੇ ਨਦਰੀ ਨਦਰ ਨਿਹਾਲ ਹੋ ਕੇ ਇਸ ਆਤਮ ਬਲ ਜੋਰ ਦਾ ਜੀਆ ਦਾਨ ਦੇ ਸਕਦਾ ਹੈ । ਆਪੇ ਹੀ ਦਾਨ ਬਖਸ਼ਦਾ ਹੈ; ਆਪ ਹੀ ਬਖਸ਼ ਕੇ ਵੇਖਿ ਵੇਖਿ ਵਿਗਸਦਾ ਹੈ । ਆਪਣੀ ਤਾਕਤ ਨਾਲ ਨਾ ਕੋਈ ਤਾਕਤਵਰ ਸਦੱਾ ਕੇ ਭਲਾ ਭਲਾ ਉਤਮ ਸ੍ਰੇਸ਼ਟ ਜਨ ਕਹਾ ਸਕਦਾ ਹੈ, ਨਾ ਕੋਈ ਤਾਕਤਵਰ ਸਦੱਾ ਕੇ ਆਪਣੇ ਮੁਕਾਬਲੇ ਵਿਚ ਕਿਸੇ ਨੂੰ ਨੀਚ ਹੇਚ ਗਰਦਾਨ ਸਕਦਾ ਹੈ । ਕਿਸੇ ਨੂੰ ਤਾਕਤਵਰ (ਜੋਰ ਵਾਲਾ, ਸਚੀ ਤਾਕਤ ਵਾਲਾ) ਬਣਾਉਣ-ਹਾਰ ਉਹ ਆਪ ਅਕਾਲ ਪੁਰਖ ਹੈ । ਜੀਵਾਂ ਦੇ ਕਰਮਾਂ ਅਨੁਸਾਰ ਉਤਮ ਨੀਚ ਕੀਤੇ ਜੰਤ ਸਭ ਉਸੇ ਕਰਮ-ਫਲ-ਦਾਤਾ ਦੇ ਕੀਤੇ ਹੋਏ ਹਨ । ਇਸ ਵਿਚ ਹੋਰ ਕਿਸੇ ਦਾ ਕੀ ਵਾਸਤਾ ਹੈ । ਯਥਾ ਪਉੜੀ:—

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥

[ਜਪੁਜੀ ਸਾਹਿਬ

[ਅਗਲੇ ਪਰਚਿਆਂ ਵਿਚ ਪੰਜਾਂ ਖੰਡਾਂ ਦੀ ਵਿਆਖਿਆ ਦਿਤੀ ਜਾਏਗੀ "ਸਚਖੰਡ ਦਰਸ਼ਨ" ਪੁਸਤਕ ਵਿਚੋਂ



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੨੧)

[ਵਲੋਂ—ਕੈਪਟਨ ਸਵਰਨ ਸਿੰਘ ਜੀ, ਘੜਿਆਲਾ]

ਨੋਟ:—ਕਾਜ਼ੀ ਨੂਰ ਮੁਹੰਮਦ, ਅਬਦਾਲੀ ਦੇ ਸਤਵੇਂ ਹਮਲੇ ਸਮੇਂ ਲਸ਼ਕਰ ਦੇ ਨਾਲ ਆਇਆ ਸੀ। ਉਸ ਨੇ ਅਬਦਾਲੀ ਦੀਆਂ ਫੌਜਾਂ ਤੇ ਸਿੰਘਾਂ ਦੀਆਂ ਲੜਾਈਆਂ ਦੇ ਅਖੀਂ ਡਿਠੇ ਹਾਲਾਤ 'ਜੰਗਨਾਮੇ' ਵਿਚ ਵਿਸਥਾਰ ਸਹਿਤ ਲਿਖੇ। ਭਾਵੇਂ ਉਹ ਬੜੇ ਤੁਅੱਸਬ ਦੇ ਰੰਗ ਵਿਚ ਲਿਖੇ ਗਏ ਹਨ, ਫਿਰ ਵੀ ਸਚਿਆਈ ਉਘੜ ਉਘੜ ਆਉਂਦੀ ਹੈ। ਇਸ ਕਿਸ਼ਤ ਵਿਚ ਕਾਜ਼ੀ ਨੂਰ ਮੁਹੰਮਦ ਦੇ ਜੰਗਨਾਮੇ ਵਿਚੋਂ ਹੀ ਹਾਲਾਤ ਦਰਜ ਹਨ।

—ਸੰਪਾਦਕ

## ਨਸੀਰ ਖਾਨ ਦਾ ਲਸ਼ਕਰ ਸਮੇਤ ਸ਼ਿਕਾਰਪੁਰ ਪਹੁੰਚਣਾ ਤੇ ਏਥੇ ਦੋ ਦਿਨ ਮੁਕਾਮ ਕਰਨਾ—

ਡੇਰਾ ਜਾਨੀ ਤੋਂ ਚਲ ਕੇ ਸ਼ਿਕਾਰਪੁਰ ਪੜਾਉ ਕੀਤਾ ਤੇ ਏਥੇ ਦੋ ਰੋਜ਼ ਮੁਕਾਮ ਰਿਹਾ। ਏਥੇ ਰੱਬ ਨੂੰ ਪਹੁੰਚਿਆ ਇਕ ਬੰਦਗੀ ਵਾਲਾ ਫਕੀਰ ਰਹਿੰਦਾ ਸੀ। ਉਸ ਦੀ ਬੜੀ ਸ਼ੁਹਰਤ ਸੀ ਤੇ ਉਸ ਉਤੇ ਲੋਕ ਬੜੀ ਅਕੀਦਤ ਰਖਦੇ ਸਨ। ਨਸੀਰਖਾਨ ਵੀ ਉਸ ਨੂੰ ਮਿਲਣ ਲਈ ਗਿਆ। ਉਸ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਕਾਮਯਾਬੀ ਲਈ ਦੁਆ ਕਰੇ। ਵਲੀ ਅੱਲਾ ਨੇ ਖਾਨ ਨੂੰ ਕਈ ਨਸੀਹਤਾਂ ਕੀਤੀਆਂ ਤੇ ਦੁਆ ਦੇ ਕੇ ਹੌਸਲਾ ਬੰਨ੍ਹਾਇਆ।

## ਸ਼ਿਕਾਰਪੁਰੋਂ ਬਖਤਿਆਰਪੁਰ ਨੂੰ ਕੂਚ ਕਰ ਕੇ ਸ਼ਿਕਾਰ ਪੁਰ ਦੂਜੇ ਅਪੜਨਾ :--

ਸ਼ਿਕਾਰ ਪੁਰੋਂ ਨਸੀਰ ਖਾਨ ਦਾ ਲਸ਼ਕਰ ਚੱਲ ਕੇ ਬਖਤਿਆਰਪੁਰ ਪੁਜਾ ਤੇ ਮਨਜ਼ਲ ਕੀਤੀ। ਏਥੋਂ ਕੂਚ ਕਰ ਕੇ ਕੰਮ ਕੰਦਾਕੋਟ ਤੇ ਕਸਮੋਰ ਖਾਨੀਂ ਹੁੰਦੇ ਹੋਏ ਸ਼ਿਕਾਰ ਪੁਰ ਦੂਜੇ ਆਣ ਉਤਾਰਾ ਕੀਤਾ। ਏਥੋਂ ਦੇ ਬੜੇ ਨਾਮਦਾਰ ਸੱਯਦ, ਜਿਨ੍ਹਾਂ ਦੀ ਜਾਗੀਰ ਵਿਚ ਇਹ ਸ਼ਿਕਾਰ ਪੁਰਾ ਸੀ, ਨਸੀਰ ਖਾਨ ਨੂੰ ਮਿਲਣ ਲਈ ਆਏ। ਇਹਨਾਂ ਸਯਦਾਂ ਵਿਚ ਇਕ ਸਯਦ ਮੀਆਂ ਇਨਾਇਤਉਲਾ ਸ਼ਾਹ ਸੀ, ਜੋ ਤਫ਼ਸੀਰ, ਫਿਕਾ ਤੇ ਹਦੀਸ ਦਾ ਬੜਾ ਵਡਾ ਆਲਮ ਸੀ। ਨਸੀਰ ਖਾਨ ਨੇ ਉਸ ਦਾ ਬੜਾ ਆਦਰ ਸਨਮਾਨ ਕੀਤਾ। ਉਸ ਨੂੰ ਇਕ ਵਧੀਆ ਖ਼ੈਮਾ (ਤੰਬੂ) ਤੇ ਇਕ ਮਜ਼ਬੂਤ ਤੇ ਤੇਜ਼-ਰਫ਼ਤਾਰ ਘੋੜਾ ਦਿਤਾ ਤੇ ਪੰਜਾਬ ਵਲ ਸਾਥ ਚਲਣ ਨੂੰ ਕਿਹਾ--

ਯਕੇ ਖ਼ੈਮਾ ਚੂ ਖ਼ੈਮਾ-ਏ-ਆਸਮਾਂ। ਕਿ ਬੂਦਾ ਮੁਸੱਬਕ ਚੂ ਸਿਯਾਰਗਾਂ।
ਸਗੀਰੇ ਦਰੋ ਚੂੰ ਸਰੀਰ-ਏ ਸ਼ਹਾਂ। ਕਿਜ਼ਾਂ ਸਾਂ ਬਵੱਦ ਕਮਤਰ ਅੰਦਰ ਜਹਾਂ।......
ਜ਼ ਬਹਿਰੇ ਸਵਾਰੀ ਬੁਰਾਕ ਅਜ਼ ਬਰਕ। ਕਿ ਦਰ ਤਰਾ ਨਮੇ ਕਰਦ ਅਜ਼ ਬਰਕ ਫ਼ਰਕਾਂ

[ਸਫਾ ੪੯

ਸਯਦ ਇਨਾਇਤਉਲਾ ਨਾਲ ਤੁਰ ਤਾਂ ਪਿਆ, ਪਰ ਜਦ ਡੇਰਿਓਂ ਅੱਗੇ ਅਟਕ ਦਰਿਆ ਲੰਘ ਕੇ ਤਿੰਨ ਮਨਜ਼ਲਾਂ ਗਏ ਤਾਂ ਇਹ ਬੁਰੀ ਤਰ੍ਹਾਂ ਬੀਮਾਰ ਹੋ ਗਿਆ, ਜਿਸ ਕਰਕੇ ਇਸ ਨੂੰ ਵਾਪਸ ਮੋੜ ਦਿਤਾ।

## ਡੇਰੇ ਦਾ ਗ਼ਾਜ਼ੀ ਖ਼ਾਨ ਵੀ ਲਸ਼ਕਰ ਵਿਚ ਆ ਮਿਲਿਆ—

ਇਸ ਸ਼ਿਕਾਰਪੁਰੋਂ ਅਜੇ ਨਹੀਂ ਸਨ ਤੁਰੇ ਕਿ ਡੇਰੇ ਦਾ ਗਾਜ਼ੀ ਖਾਨ ਵੀ ਆਣ ਰਲਿਆ। ਫਿਰ



www.AKJ.Org

ਏਥੋਂ ਇਸ ਨਾਲ ਹੋ ਕੇ, ਅਗਲੀ ਮਨਜ਼ਲ ਡੇਰੇ ਕੀਤੀ ਗਈ। ਇਹ ਗਾਜ਼ੀ ਖਾਂ ਸ਼ੁਰੂ ਤੋਂ ਹੀ ਐਸ਼ ਇਸ਼ਰਤ ਵਿਚ ਗ੍ਰਸਿਆ ਹੋਇਆ ਸੀ। ਇਹ ਔਰਤਾਂ ਵਾਂਗ ਸ਼ੀਸ਼ਾ ਕੰਘੀ ਹੱਥ ਵਿਚ ਲੈ ਕੇ ਸ਼ਿੰਗਾਰ ਕਰਿਆ ਕਰਦਾ ਸੀ। ਸੁਬਹ ਸ਼ਾਮ ਸ਼ਰਾਬ, ਭੰਗ ਪੀਂਦਾ ਤੇ ਅਫ਼ੀਮ ਖਾਂਦਾ ਸੀ। ਇਹ ਹਰ ਤਰ੍ਹਾਂ ਦੇ ਵਿਸ਼ੇ ਭੋਗਦਾ ਤੇ ਗੁਨਾਹ ਕਰਦਾ ਸੀ। ਨਸ਼ਿਆਂ ਵਿਚ ਗਰਕ ਹੋ ਕੇ ਇਸ ਨੇ ਇੱਜ਼ਤ ਆਬਰੂ ਵੀ ਗਵਾ ਛਡੀ ਸੀ—

ਵ ਲੇਕਿਨ ਚੂ ਅਜ਼ ਖ਼ੁਰਦਗੀ ਖ਼ੁਏ ਊ। ਸ਼ੁਦ ਅਜ਼ ਐਸ਼ ਦਰ ਇਸ਼ਰਤੇ ਰੰਗੋ ਬੂ।
ਗਰਿਫ਼ਤ ਆਈਨਾ ਸ਼ਾਨਾ ਕਰਦਾ ਬਦਸਤ। ਚੂ ਜ਼ਨਹਾਏ ਰਅਨਾ ਸ਼ੁਦਾ ਖ਼ੁਦ ਪ੍ਰਸਤ।
ਬਹਰ ਸੁਬਹ ਹਰ ਸ਼ਾਮ ਅਫ਼ਿਊਨੋ ਭੰਗ। ਹਮੇ ਖ਼ੁਰਦ ਬਰਖ਼ਾਸਤ ਅਜ਼ ਨਾਮੋ ਨੰਗ।
ਗੁਨਾਹੇ ਨ ਜ਼ੇਸ਼ਾਂ ਬੁਵਦ ਅੰਦਰੀਂ। ਕਿ ਅਫ਼ੀਊਨ ਖ਼ੁਰੰਦ ਵ ਸ਼ਰਾਬ ਈਂ ਚੁਨੀਂ।

[ਸਫ਼ਾ ੫੦, ਸਤਰਾਂ ੫੪ ਤੋਂ ੫੭ ਤਕ

ਇਸ ਇਲਾਕੇ ਉਤੇ ਪਾਤਸ਼ਾਹ ਵਲੋਂ ਅਜਾਰੇਦਾਰ (ਠੇਕੇਦਾਰਾਂ ਵਾਂਗ) ਆਉਂਦੇ ਸਨ ਤੇ ਸਾਰੇ ਇਲਾਕੇ ਨੂੰ ਲੁਟ ਪੁਟ ਕੇ ਲੈ ਜਾਂਦੇ ਸਨ। ਡੇਰੇ ਤੋਂ ਲੈ ਕੇ ਮੁਲਤਾਨ ਤਕ ਦਾ ਇਲਾਕਾ ਇਨ੍ਹਾਂ ਇਜ਼ਾਰੇ-ਦਾਰਾਂ ਦੇ ਹਥੋਂ ਦੁਖੀ ਸੀ ਤੇ ਬੁਰੀ ਤਰ੍ਹਾਂ ਉਜੜ ਚੁਕਿਆ ਸੀ।

ਡੇਰੇ ਵਿਖੇ ਫੌਜ ਦਾ ਤਿੰਨ ਦਿਨ ਮੁਕਾਮ ਰਿਹਾ। ਤੀਜੇ ਦਿਨ ਖਾਨ ਮੁਹੰਮਦ ਨਸੀਰ ਖਾਨ ਨੇ ਫੌਜ ਦੀ ਗਿਣਤੀ ਲਈ ਇਸ ਨੂੰ ਤਿਆਰ ਹੋ ਕੇ ਮੈਦਾਨ ਵਿਚ ਪ੍ਰੇਡ ਉਤੇ ਆਉਣ ਲਈ ਕਿਹਾ। ਆਪ ਆਪਣੇ ਕੋਹ ਪਾਰਾ ਨਾਮੀ ਘੋੜੇ ਉਤੇ ਚੜ੍ਹ ਕੇ ਫੌਜ ਦਾ ਮਾਰਚ ਪਾਸਟ ਦੇਖਣ ਲਗਾ। ਜਦ ਸਾਰੀ ਗਿਣਤੀ ਹੋ ਗਈ ਤਾਂ ਪਤਾ ਲਗਾ ਕਿ ਇਸ ਵਿਚ ਬਾਰ੍ਹਾਂ ਹਜ਼ਾਰ ਬਲੋਚ ਫੌਜੀ ਹਨ।

ਡੇਰਿਓਂ ਫੌਜ ਤੁਰ ਕੇ ਰਵਾਂ ਰਵੀਂ ਦਰਿਆ (ਸਿੰਧ ਜਾਂ ਅਟਕ) ਦੇ ਕੰਢੇ ਆਣ ਉਤਰੀ। ਦਰਿਆ ਵਿਚ ਪਾਣੀ ਜ਼ਿਆਦਾ ਸੀ, ਇਸ ਲਈ ਕੋਈ ਗਾਹਣ ਨਾ ਹੋਣ ਕਰ ਕੇ ਕਿਸ਼ਤੀਆਂ ਦੀ ਢੂੰਡ-ਭਾਲ ਸ਼ੁਰੂ ਹੋਈ। ਏਸੇ ਵਿਚ ਹੀ ਤਿੰਨ ਦਿਨ ਲਗ ਗਏ। ਇਸ ਲਈ ਏਥੇ ਤਿੰਨ ਦਿਨ ਮੁਕਾਮ ਰਿਹਾ।

## ਏਥੇ ਮਗਰ ਮੱਛ ਨੂੰ ਮਾਰਨਾ-

ਦਰਿਆ ਦੇ ਕੰਢੇ ਦੇ ਲੋਕਾਂ ਨੇ ਇਕ ਦਿਨ ਬੇਨਤੀ ਕੀਤੀ ਕਿ ਦਰਿਆ ਵਿਚ ਇਕ ਬੜਾ ਤਕੜਾ ਮਗਰ ਮੱਛ ਰਹਿੰਦਾ ਹੈ ਤੇ ਉਹ ਏਨਾ ਨਿਡਰ ਹੈ ਕਿ ਪਾਣੀ ਚੋਂ ਬਾਹਰ ਆ ਕੇ ਬਦੋ-ਬਦੀ ਪਸ਼ੂਆਂ ਤੇ ਆਦਮੀਆਂ ਨੂੰ, ਜੋ ਉਸ ਦੇ ਢਾਹੇ ਚੜ੍ਹ ਜਾਣ, ਧੂਹ ਕੇ ਪਾਣੀ ਵਿਚ ਲੈ ਜਾਂਦਾ ਹੈ ਤੇ ਖਾ ਜਾਂਦਾ ਹੈ। ਇਸ ਨੂੰ ਮਾਰ ਕੇ ਜੇ ਸਾਨੂੰ ਇਹਦੇ ਹਥੋਂ ਨਿਜਾਤ ਦਿਵਾ ਦਿਉ ਤਾਂ ਤਹਾਨੂੰ ਬੜਾ ਸਵਾਬ ਮਿਲੇਗਾ। ਨਸੀਰ ਖਾਨ ਨੇ ਗੋਲੀ ਮਾਰ ਕੇ ਉਸ ਨੂੰ ਮਾਰ ਦਿਤਾ ਤੇ ਲੋਕ ਸੁਖੀ ਹੋ ਗਏ। ਤਿੰਨਾਂ ਦਿਨਾਂ ਵਿਚ ਕਿਸ਼-ਤੀਆਂ ਦਾ ਬੰਦੋਬਸਤ ਹੋ ਗਿਆ। ਖਾਨ ਨੇ ਹੁਕਮ ਦਿਤਾ ਤੇ ਸਾਰੀ ਫੌਜ ਦਰਿਆਓਂ ਪਾਰ ਹੋ ਗਈ।

## ਮੁਹੰਮਦ ਨਸੀਰ ਖ਼ਾਨ ਦਾ ਸੱਯਦ ਮੁਹੰਮਦ ਸ਼ਾਹ ਨੂੰ ਮਿਲਣਾ ਤੇ ਕਾਮਯਾਬੀ ਲਈ ਦੁਆ ਲਈ ਕਹਿਣਾ :—

ਅਟਕੋਂ ਲੰਘ ਕੇ ਜਦ ਲਸ਼ਕਰ ਅਗੇ ਤੁਰਿਆ ਤਾਂ ਰਸਤੇ ਵਿਚ ਪਤਾ ਲੱਗਾ ਕਿ ਏਧਰ ਇਕ ਰੱਬ ਦਾ ਪਿਆਰਾ ਪੀਰ ਰਹਿੰਦਾ ਹੈ। ਸਾਰੇ ਲੋਕਾਂ ਦਾ ਉਸ ਉਤੇ ਬੜਾ ਯਕੀਨ ਹੈ। ਨਸੀਰ ਖਾਨ ਵੀ ਉਸ ਦੀ ਖਿਦਮਤ ਵਿਚ ਹਾਜ਼ਰ ਹੋਇਆ। ਖਾਨ ਸਾਹਿਬ ਨੇ ਬੇਨਤੀ ਕੀਤੀ ਕਿ ਪੀਰ ਸਾਹਿਬ ਉਸ ਦੀ ਕਾਮਯਾਬੀ ਲਈ ਉਸ ਦੇ ਹਕ ਵਿਚ ਦੁਆ ਕਰਨ। ਸੱਯਦ ਨੇ ਏਸੇ ਤਰ੍ਹਾਂ ਕੀਤਾ ਤੇ ਖਾਨ ਦਾ ਹੌਸਲਾ ਬੰਨ੍ਹਾਇਆ।



www.AKJ.Org

## ਸਰਦਾਰ ਬਖ਼ਤਿਆਰ ਖ਼ਾਨ ਪਟੀ ਦਾ ਪਹੁੰਚਣਾ—

ਪੀਰ ਤੋਂ ਰੁਖ਼ਸਤ ਹੋ ਕੇ ਏਸੇ ਤਰ੍ਹਾਂ ਕੁਝ ਕੁ ਮਨਜ਼ਲਾਂ ਤੈ ਕਰ ਕੇ ਇਹ ਫੌਜ ਇਕ ਹੋਰਸ ਦਰਿਆ ਦੇ ਕੰਢੇ ਆਣ ਪੁਜੀ।† ਏਥੇ ਡੇਰਾ ਕੀਤਾ ਤੇ ਕਿਸ਼ਤੀਆਂ ਦੀ ਭਾਲ ਕੀਤੀ ਗਈ। ਏਥੇ ਇਹ ਖਬਰ ਪੁਜੀ ਕਿ ਸਰਦਾਰ ਬਖਤਿਆਰ ਖਾਂ ਪੱਟੀ ਵੀ ਆਪਣੇ ਜਵਾਨਾਂ ਤੇ ਹਾਥੀਆਂ ਨੂੰ ਲੈ ਕੇ ਆ ਰਿਹਾ ਹੈ। ਇਸ ਲਈ ਇਸ ਦੀ ਉਡੀਕ ਵਿਚ ਏਥੇ ਦੋ ਦਿਨ ਡੇਰਾ ਰਖਿਆ। ਤੀਜੇ ਦਿਨ ਬਖਤਿਆਰ ਖਾਨ ਕਈ* ਹਜ਼ਾਰ ਜਵਾਨ ਤੇ ਹਾਥੀ ਲੈ ਕੇ ਖਾਨ ਨਸੀਰ ਖਾਨ ਦੇ ਲਸ਼ਕਰ ਵਿਚ ਆਣ ਰਲਿਆ। ਸਾਰੇ ਕਿਸ਼ਤੀਆਂ ਰਾਹੀਂ ਦਰਿਆਓਂ ਪਾਰ ਉਤਰੇ। ਏਥੋਂ ਲਸ਼ਕਰ ਅੱਗੇ ਨੂੰ ਤੁਰਿਆ। ਹੁਣ ਇਕ ਪਾਸੇ ਜੇਹਲਮ ਦਰਿਆ ਸੀ ਤੇ ਦੂਜੇ ਪਾਸੇ ਚਨਾਬ ਦਰਿਆ ਸੀ। [ਇਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਇਹ ਲਸ਼ਕਰ ਦੁਆਬਾ ਚੱਜ ਵਿਚ ਦੀ ਲੰਘ ਰਿਹਾ ਹੈ।] ਇੰਜ ਇਹ ਦੋਵੇਂ ਸਰਦਾਰ ਇਕੱਠੇ ਚਾਰ ਮਨਜ਼ਲਾਂ ਗਏ ਤੇ ਸਾਹੀਵਾਲ ਅੱਪੜ ਗਏ।‡ ਇਹ ਪਹਿਲਾਂ ਬਲੋਚਾਂ ਦਾ ਸ਼ਹਿਰ ਸੀ।

## ਅਹਿਮਦ ਸ਼ਾਹ ਅਬਦਾਲੀ ਦਾ ਨਸੀਰ ਖਾਨ ਨੂੰ ਛੇਤੀ ਪਹੁੰਚਣ ਦਾ ਸੁਨੇਹਾ ਆਉਣਾ—

ਸਾਹੀਵਾਲ ਪਹੁੰਚੇ ਹੀ ਸਨ ਕਿ ਨਸੀਰ ਖਾਨ ਨੂੰ ਅਹਿਮਦ ਸ਼ਾਹ ਦਾ ਸੁਨੇਹਾ ਅਪੜਿਆ ਕਿ ਛੇਤੀ ਛੇਤੀ ਅਗੇ ਵਧੇ ਆਓ। ਏਥੋਂ ਅੱਗੇ ਹੁਣ ਨਸੀਰ ਖਾਨ ਬੜੀ ਤੇਜ਼ੀ ਨਾਲ ਕਾਹਲੇ ਕਦਮੀਂ ਅਹਿਮਦ ਸ਼ਾਹ ਵਲ ਤੁਰ ਪਿਆ। ਝਨਾਂ ਦਰਿਆ ਨੂੰ ਇਕ ਗਾਹਣ ਥਾਣੀਂ ਪਾਰ ਕੀਤਾ ਤੇ ਚਨਿਓਟ ਦੇ ਮੁਕਾਮ ਉਤੇ ਪੜਾ ਕੀਤਾ।

## ਕਾਜ਼ੀ ਨੂਰ ਮੁਹੰਮਦ ਚਨਿਓਟ ਸ਼ਹਿਰ ਦੀ ਸੈਰ ਨੂੰ ਗਿਆ—

ਕਾਜ਼ੀ ਨੂਰ ਮੁਹੰਮਦ ਚਨਿਓਟ ਦੀ ਸੈਰ ਨੂੰ ਗਿਆ ਤੇ ਓਥੇ ਜੋ ਕੁਛ ਉਸ ਨੇ ਅਖੀਂ ਡਿੱਠਾ, ਉਸ ਦਾ ਹਾਲ ਉਹ ਇੰਜ ਲਿਖਦਾ ਹੈ—

ਚੂ ਦਰ ਸ਼ਹਿਰ ਚਨਿਓਟ ਰਫ਼ਤਮ ਬਹਿ ਸੈਰ। ਬਗਸ਼ਤਮ ਨਦੀਦਮ ਦਰੋ ਹੇਚ ਖ਼ੈਰ।
ਸ਼ੁਦਾ ਸ਼ਹਿਰ ਅਜ਼ ਜੌਰੇ ਸਿਖਾਂ ਖ਼ਰਾਬ। ਹਮਾਂ ਮਰਦੁਮਾਨਸ਼ ਬਰੰਜੋ ਅਜ਼ਾਬ।
ਹਮਾ ਸ਼ਹਿਰ ਵੈਰਾਂ ਦਰੂੰ ਵ ਬਰੂੰ। ਹਮਾ ਕਸਰ ਕਾਖਸ਼ ਸ਼ੁਦਾ ਸਰ ਨਿਗੂੰ।
ਮਸਾਜਿਦ ਬਹਮ ਬੂਦ ਵੈਰਾਂ ਦਰੋ। ਮੁਆਬਦ ਖ਼ਰਾਬ ਆਖ਼ਰ ਅਸਬਾਂ ਦਰੋ।
ਜ਼ ਉਲਮਾਏ ਸ਼ੁਰਫ਼ਾਓ ਸਾਦਾਤੇ ਸ਼ਹਿਰ। ਬਜਾਏ ਸ਼ਕਰ ਖ਼ੁਰਦਾ ਸ਼ਾਂ ਬੂਦ ਜ਼ਹਿਰ।
ਚੂੰ ਤਕਸੀਮ ਕਰਦਾ ਸਗਾਂ ਆਂ ਜ਼ਮੀਨ। ਸ਼ੁਦ ਈਂ ਸ਼ਹਿਰ ਜਾਗੀਰ **ਝੰਡਾ ਲਈਨ**।()

---

† ਜੰਗਨਾਮੇ ਦੇ ਸਫ਼ਾ ੬੭ ਉਤੇ ਦਰਿਆ ਦਾ ਨਾਮ ਨਹੀਂ ਲਿਖਿਆ। ਇਹ ਦਰਿਆ ਜੇਹਲਮ ਹੀ ਹੋ ਸਕਦੈ।

* ਸਰਦਾਰ ਬਖਤਿਆਰ ਖਾਨ ਪੱਟੀ ਦੇ ਕਿੰਨੇ ਹਜ਼ਾਰ ਜਵਾਨ ਸਨ, ਕਾਜ਼ੀ ਜੀ ਲਿਖਣਾ ਭੁਲ ਗਏ ਜਾਪਦੇ ਹਨ। ਅਗੇ ਚਲ ਕੇ ਅਹਿਮਦ ਸ਼ਾਹ ਦੀ ਫੌਜ ਦੀ ਗਿਣਤੀ 18 ਹਜ਼ਾਰ ਦਸ ਕੇ ਨਸੀਰ ਖ਼ਾਨ ਦੇ 12 ਹਜ਼ਾਰ ਮਿਲਾ ਕੇ ਕੁਲ 30 ਹਜ਼ਾਰ ਦਸਦੇ ਹਨ। ਜਿਹੜੇ ਹਜ਼ਾਰਾਂ ਜਵਾਨ ਬਖਤਿਆਰ ਖਾਨ ਲੈ ਕੇ ਆਇਆ ਉਹ ਮਿਲਾ ਕੇ ਗਿਣਤੀ 30 ਹਜ਼ਾਰ ਤੋਂ ਕਾਫ਼ੀ ਵਧ ਹੋ ਗਈ ਹੋਵੇਗੀ। ਪਰ ਇਸ ਬਾਰੇ ਕਾਜ਼ੀ ਜੀ ਬਿਲਕੁਲ ਖ਼ਾਮੋਸ਼ ਹਨ। ਬਖਤਿਆਰ ਖਾਨ ਦਿਆਂ ਜੰਗੀ ਹਾਥੀਆਂ ਨੇ ਸਿੰਘਾਂ ਨਾਲ ਲੜਾਈ ਵਿਚ ਕੀ ਹਿੱਸਾ ਪਾਇਆ, ਕਾਜ਼ੀ ਜੀ ਕੋਈ ਵੇਰਵਾ ਨਹੀਂ ਦੇਂਦੇ। -

‡ ਜੰਗਨਾਮੇ ਦੇ ਸਫ਼ਾ 69 ਉਤੇ 43ਵੀਂ ਲਾਈਨ ਦੇ ਸ਼ੁਰੂ ਵਿਚ ਇਸ ਨੂੰ ਸਾਈਂਵਾਲ ਲਿਖਿਆ ਹੋਇਆ ਹੈ। ਇਹ ਸਾਹੀਵਾਲ ਦੁਆਬਾ ਚੱਜ ਜਾਂ ਚੰਬਾ ਵਿਚ ਦਰਿਆ ਜੇਹਲਮ ਦੇ ਪੂਰਬੀ ਕੰਢੇ ਤੋਂ ਥੋੜਾ ਜਿਹਾ ਹਟ ਕੇ ਸਰਗੋਧੇ ਤੋਂ ਦਖਣ ਪਛਮ ਵਿਚ 35 ਕੁ ਕਿਲੋਮੀਟਰ ਦੀ ਵਿਥ ਉਤੇ ਹੈ। ਦੂਸਰਾ ਸਾਹੀਵਾਲ ਜਿਸ ਨੂੰ ਮਿੰਟਗੁਮਰੀ ਵੀ ਕਿਹਾ ਜਾਂਦਾ ਹੈ, ਉਹ ਦਆਬਾ ਬਾਰੀ ਵਿਚ ਉਕਾੜਾ ਤੇ ਮੀਆਂ ਚਨੂੰ ਦੇ ਵਿਚਕਾਰ, ਉਕਾੜੇ ਤੋਂ 40 ਕਿਲੋਮੀਟਰ ਤੇ ਮੀਆਂ ਚਨੂੰ ਤੋਂ 75 ਕਿਲੋਮੀਟਰ ਦੇ ਫਾਸਲੇ ਤੇ ਹੈ।

()ਸ: ਝੰਡਾ ਸਿੰਘ ਭੰਗੀ ਵਲ ਇਸ਼ਾਰਾ ਹੈ।


www.AKJ.Org

ਹਮ੍ਹਾ ਮੁਲਕੇ ਲਾਹੌਰ ਸਰਹੰਦ ਰਾ। ਜ਼ ਪੰਜਾਬ ਵ ਮੁਲ਼ਤਾਂ ਹਮਾ ਜਾ ਬਜਾ।
ਜ਼ ਝੰਗੋ ਖੁਸ਼ਾਬ ਵ ਜ਼ਮੀਨੇ ਚਨਾਬ। ਬਕਰਦੰਦ ਕਿਸਮਤ ਬਖ਼ੁਦ ਬੇਹਿਸਾਬ।
[ਸਫਾ ੬੯, ਸਤਰਾਂ ੫੧ ਤੋਂ ੫੮ ਤੱਕ

ਕਿ:—

ਮੈਂ ਚਨਿਓਟ ਸ਼ਹਿਰ ਦੀ ਸੈਰ ਨੂੰ ਗਿਆ। ਮੈਂ ਵੇਖਿਆ ਕਿ ਸ਼ਹਿਰ ਦਾ ਬੜਾ ਮੰਦਾ ਹਾਲ ਹੈ। ਸ਼ਹਿਰ ਸਿਖਾਂ ਦੇ ਜਬਰੋ ਜ਼ੁਲਮ ਕਾਰਨ ਖ਼ਰਾਬ ਹੋ ਚੁਕਿਆ ਸੀ। ਓਥੋਂ ਦੀ ਸਾਰੀ ਵਸੋਂ ਬੜੇ ਔਖੇ ਹਾਲੀਂ ਸੀ। ਅੰਦਰੋਂ ਬਾਹਰੋਂ ਸਾਰਾ ਵਿਰਾਨ ਹੋਇਆ ਪਿਆ ਸੀ। ਇਸ ਦੇ ਮਹਲ ਤੇ ਹਵੇਲੀਆਂ ਢਹਿ-ਢੇਰੀ ਹੋਈਆਂ ਪਈਆਂ ਸਨ। ਉਹਨਾਂ ਵਿਚ ਘੋੜਿਆਂ ਦੀ ਲਿੱਦ ਤੇ ਘਾਹ ਪਠਾ ਪਿਆ ਸੀ ਤੇ ਅਸਤਬਲ ਬਣੀਆਂ ਪਈਆਂ ਸਨ। ਸ਼ਹਿਰ ਦੇ ਸਯਦ, ਆਲਮ ਤੇ ਸਾਊ ਲੋਗ ਬੜੀ ਬਿਪਤਾ ਵਿਚ ਦਿਨ-ਕਟੀ ਕਰ ਰਹੇ ਸਨ। ਜਦ ਸਗਾਂ (ਕੁੱਤਿਆਂ) ਨੇ ਮੁਲਕ ਦਾ ਇਹ ਪਾਸਾ ਵੰਡਿਆ ਤਾਂ ਇਹ ਸ਼ਹਿਰ ਝੰਡੇ ਲਈਨ (ਭ੍ਰਿਸ਼ਟੇ) ਦੇ ਹਿੱਸੇ ਵਿਚ ਆਇਆ। ਲਾਹੌਰ, ਸਰਹੰਦ, ਪੰਜਾਬ, ਮੁਲਤਾਨ, ਝੰਗ, ਖੁਸ਼ਾਬ ਤੇ ਝਨਾਂ ਦੇ ਸਾਰੇ ਇਲਾਕਿਆਂ ਨੂੰ ਆਪੋ ਵਿਚ ਵੰਡ ਲਿਆ ਹੈ।

## ਅਬਦਾਲੀ ਵਲੋਂ ਦੁਬਾਰਾ ਹੁਕਮ ਕਿ ਜਲਦੀ ਪਹੁੰਚੋ—

ਮੀਰ ਮੁਹੰਮਦ ਨਸੀਰ ਖਾਨ ਨੂੰ ਅਹਿਮਦ ਸ਼ਾਹ ਵਲੋਂ ਦੁਬਾਰਾ ਹੁਕਮ ਪੁਜਾ ਕਿ ਉਸ ਪਾਸ ਛੇਤੀ ਅਪੜੋ। ਅਬਦਾਲੀ ਆਪ ਉਨ੍ਹਾਂ ਤੋਂ ਕਾਫੀ ਅਰਸਾ ਪਹਿਲਾਂ ਐਮਨਾਬਾਦ ਅਪੜ ਕੇ ਉਹਨਾਂ ਦੀ ਉਡੀਕ ਵਿਚ ਡੇਰੇ ਪਾਈ ਬੈਠਾ ਸੀ।† ਇਸ ਹੁਕਮ ਦੇ ਤਹਿਤ ਨਸੀਰ ਖਾਨ ਨੇ ਦੋ ਮਨਜ਼ਲਾਂ ਦੀ ਇਕ ਮਨਜ਼ਲ

†ਇਹ ਬੜੀ ਹੈਰਾਨੀ ਵਾਲੀ ਗੱਲ ਹੈ ਅਹਿਮਦ ਸ਼ਾਹ ਅਬਦਾਲੀ ਐਮਨਾਬਾਦ ਕਿਸ ਕਾਰਨ ਬੈਠਾ ਰਿਹਾ, ਉਸ ਨੇ ਲਾਹੌਰ ਜਾ ਕੇ ਬਲੋਚਾਂ ਦੀ ਉਡੀਕ ਕਿਉਂ ਨਾ ਕੀਤੀ। ਲਾਹੌਰ ਐਮਨਾਬਾਦ ਨਾਲੋਂ ਕਿਤੇ ਸੁਖਾਵਾਂ ਥਾਂ ਸੀ, ਫਿਰ ਏਥੇ ਉਡੀਕਣ ਦਾ ਕੀ ਕਾਰਨ? ਇਸ ਦੇ ਕਈ ਕਾਰਨ ਮਲੂਮ ਹੁੰਦੇ ਹਨ। ਪਹਿਲਾ ਤਾਂ ਇਹ ਕਿ ਸੰਮਤ ੧੮੧੯ (੧੭੬੨ ਈ:) ਦੀ ਦੀਵਾਲੀ ਵਾਲੇ ਦਿਨ ਸਿੰਘਾਂ ਨ ਅਹਿਮਦ ਸ਼ਾਹ ਦੀ ਜੋ ਦੁਰਗਤ ਬਣਾਈ ਸੀ ਤੇ ਉਹ ਮੁਸ਼ਕਲ ਨਾਲ ਰਾਤ ਦੇ ਅੰਨ੍ਹੇਰੇ ਵਿਚ ਜਾਨ ਬਚਾ ਕੇ ਨਸਿਆ ਸੀ, ਨੇ ਉਸ ਦੇ ਦਿਲ ਵਿਚ ਸਿੰਘਾਂ ਦਾ ਇਹੋ ਜਿਹਾ ਡਰ ਬਿਠਾ ਦਿਤਾ ਸੀ ਕਿ ਸਿੰਘ ਨੂੰ ਉਹ ਮਰਹਟਿਆਂ ਵਾਂਗ ਐਵੇਂ ਦਾਲ ਫੁਲਕਾ ਨਹੀਂ ਸੀ ਸਮਝਦਾ। ਸਿੰਘਾਂ ਦੀ ਤਾਕਤ ਦਾ ਉਸ ਨੂੰ ਹੁਣ ਪੂਰਾ ਪੂਰਾ ਇਹਸਾਸ ਹੋ ਚੁਕਿਆ ਸੀ। ਸਿੰਘਾਂ ਦੇ ਲੜਾਈ ਦੇ ਢੰਗਾਂ ਤੇ ਹੁਨਰਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੋ ਚੁਕਿਆ ਸੀ। ਸਿੰਘਾਂ ਦੇ ਏਕਾ-ਏਕ ਆ ਪੈਣ ਤੇ ਢਾਈ ਫਟਾ ਦੇ ਹੁਨਰ ਨੂੰ ਵੀ ਉਹ ਚੰਗੀ ਤਰ੍ਹਾਂ ਸਮਝਦਾ ਸੀ। ਉਸ ਦੇ ਮਨ ਵਿਚ ਤਰੌਹ ਬੈਠਾ ਸੀ ਕਿ ਉਹ ਅਚਨਚੇਤ ਉਸ ਉਤੇ ਆ ਪੈਣਗੇ ਤੇ ਪਤਾ ਨਹੀਂ ਇਸ ਵਿਚ ਕਿੰਨਾ ਕੁ ਨੁਕਸਾਨ ਹੋ ਜਾਵੇ। ਪੂਰੀ ਪੂਰੀ ਤਿਆਰੀ ਤੋਂ ਬਿਨਾ ਰਾਵੀ ਟੱਪ ਕੇ ਸਿੰਘਾਂ ਦੇ ਇਲਾਕੇ ਵਿਚ ਵੜਨਾ ਉਸ ਨੂੰ ਬੜਾ ਖਤਰਨਾਕ ਲਗਦਾ ਸੀ। ਉਸ ਨੂੰ ਚੇਤਾ ਸੀ ਕਿ ਪਿਛਲੇ ਸਾਲ ਜੰਗਲ ਵਿਚ ਇਕ ਘੋੜ-ਸਵਾਰ ਸਿੰਘ ਦੇ ਹਲੇ ਤੋਂ ਉਸ ਦੀ ਮੁਸ਼ਕਲ ਨਾਲ ਜਾਨ ਬਚੀ ਸੀ। ਨੂਰਦੀਨ ਖਾਂ ਬਾਮਜ਼ਈ ਤੇ ਫਿਰ ਲਾਹੌਰ ਦੇ ਗਵਰਨਰ ਖ਼ੁਵਾਜਾ ਉੱਬੇਦ ਖਾਨ ਨਾਲ ਸਿੰਘਾਂ ਦੇ ਅਚਨਚੇਤ ਹੱਲਿਆਂ ਕਾਰਨ ਕੀ ਵਾਪਰੀ, ਉਸ ਨੂੰ ਯਾਦ ਸੀ। ਇਸ ਤੋਂ ਪਿਛੋਂ ਜਹਾਨ ਖ਼ਾਨ ਦੀ ਸਿਆਲਕੋਟ ਕੀ ਬਾਬ ਕੀਤੀ ਸੀ, ਫੇਰ ਜ਼ੈਨ ਖ਼ਾਨ ਦਾ ਕੀ ਹਾਲ ਹੋਇਆ, ਸਰ ਬਲੰਦ ਖ਼ਾਨ ਨਾਲ ਕੀ ਬਣਿਆ ਸੀ, ਇਨ੍ਹਾਂ ਗੱਲਾਂ ਨੇ ਮਾਲੂਮ ਹੁੰਦੈ ਉਸ ਦੇ ਦਿਲ ਉਤੇ ਪੂਰੀ ਦਹਿਸ਼ਤ ਬਿਠਾਈ ਹੋਈ ਸੀ। ਉਸ ਨੂੰ ਇਹ ਵੀ ਸੁਝਦੀ ਸੀ ਕਿ ਜੇ ਨਸੀਰ ਖਾਨ ਦਾ ਤੇ ਉਸ ਦਾ ਲਸ਼ਕਰ ਅੱਡੋ ਅੱਡੀ ਸਿੰਘਾਂ ਦੇ ਅਚਨਚੇਤ ਹੱਲਿਆਂ ਦੇ ਸ਼ਿਕਾਰ ਹੋ ਗਏ ਤਾਂ ਹਨੇਰ ਪੈ ਜਾਵੇਗਾ। ਏਸੇ ਲਈ ਉਹ ਐਮਨਾਬਾਦ ਬੈਠਾ ਨਸੀਰ ਖਾਨ ਨੂੰ ਸੁਨੇਹੇ ਤੇ ਸੁਨੇਹਾ ਘਲਾ ਰਿਹਾ ਸੀ ਕਿ ਉਹ ਜਿੰਨੀ ਛੇਤੀ ਹੋ ਸਕੇ, ਉਸ ਦੇ ਲਸ਼ਕਰ ਨਾਲ ਆ ਮਿਲੇ। ਐਮਨਾਬਾਦ ਵਿਚ ਕਈ ਦਿਨਾਂ ਤਕ ਬੈਠ ਕੇ ਉਡੀਕਣ ਦੇ ਇਹੋ ਕਾਰਨ ਸਨ।

www.AKJ.Org

ਕੀਤੀ ਤੇ ਹਵਾ ਦੀ ਤੇਜ਼ੀ ਵਾਂਗ ਪੰਧ ਮੁਕਾਇਆ ।

ਦੋ ਮਨਜ਼ਲ ਯਕੇ ਕਰਦ ਖਾਨੇ ਕਰੀਮ । ਬਸੂਰਅਤ ਹਮੀਂ ਸੁਦ ਚੂੰ ਬਾਦੇ ਨਸੀਮ ।

[ਸਫ਼ਾ ੭੦

ਜਦ ਪਾਤਸ਼ਾਹ ਦਾ ਡੇਰਾ ੩ ਫੁਰਸੰਗ (੯ ਕੋਹ) ਰਹਿ ਗਿਆ ਤਾਂ ਨਸੀਰ ਖਾਨ ਨੇ ਆਪਣਾ ਵਕੀਲ ਘਲਾਇਆ, ਜੋ ਪਾਤਸ਼ਾਹ ਤੋਂ ਹੁਕਮ ਪੁਛ ਕੇ ਆਵੇ ਕਿ ਮੈਂ (ਨਸੀਰ ਖਾਂ) ਹੁਣੇ ਪਹੁੰਚਾਂ ਕਿ ਸਵੇਰੇ। ਵਕੀਲ ਨੂੰ ਤਾਂ ਪਾਤਸ਼ਾਹ ਨੇ ਐਮਨਾਬਾਦ ਆਪਣੇ ਪਾਸ ਹੀ ਰਖ ਲਿਆ ਤੇ ਇਕ ਆਪਣੇ ਆਦਮੀ ਹਥ ਨਸੀਰ ਖਾਨ ਪਾਸ ਅਖਵਾ ਭੇਜਿਆ ਕਿ ਹੁਣ ਐਸ ਵੇਲੇ ਰਾਤ ਆਰਾਮ ਕਰੋ, ਸਵੇਰੇ ਆ ਜਾਣਾ ।

ਸਵੇਰੇ ਨਸੀਰ ਖਾਨ ਲਸ਼ਕਰ ਸਮੇਤ ਐਮਨਾਬਾਦ ਨੂੰ ਤੁਰਿਆ । ਸਰਦਾਰ ਜਹਾਨ ਖ਼ਾਨ ਅਗਵਾਈ ਲਈ ਛੇ ਕੋਹ ਤੱਕ ਅਗੇ ਆਇਆ । ਜਦ ਦੋਵੇਂ ਸਰਦਾਰ ਨਜ਼ਦੀਕ ਅਪੜੇ ਤਾਂ ਘੋੜਿਆਂ ਤੋਂ ਉਤਰ ਕੇ ਗਲ ਮਿਲੇ ਤੇ ਇਕ ਦੂਜੇ ਦੀ ਸੁਖ -ਸਾਂਦ ਪੁਛ ਗਿਛ ਕੇ ਫਿਰ ਆਪਣੇ ਆਪਣੇ ਘੋੜਿਆਂ ਤੇ ਚੜ੍ਹ ਬੈਠੇ ਤੇ ਚਲ ਕੇ ਬਾਦਸ਼ਾਹ ਦੇ ਲਸ਼ਕਰ ਵਿਚ ਆ ਗਏ ।

## ਮੀਰ ਹਾਜੀ ਖ਼ਾਨ ਦਾ ਨਸੀਰ ਖ਼ਾਨ ਨੂੰ ਮਿਲਣਾ—

ਮੀਰ ਮੁਹੱਬਤ ਖਾਨ ਦਾ ਪੁਤਰ ਮੀਰ ਹਾਜੀ ਖਾਨ ਇਸ ਵੇਲੇ ਅਹਿਮਦ ਸ਼ਾਹ ਦੇ ਲਸ਼ਕਰ ਨਾਲ ਸੀ । ਜਦ ਉਸ ਨੂੰ ਪਤਾ ਲਗਾ ਕਿ ਉਸ ਦਾ ਚਾਚਾ ਨਸੀਰ ਖਾਨ ਫ਼ੌਜ ਲੈ ਕੇ ਆਇਆ ਹੈ ਤਾਂ ਉਸ ਨੂੰ ਮਿਲਣ ਲਈ ਆਇਆ । ਮਿਲ ਗਿਲ ਕੇ ਤੇ ਹਾਲ ਚਾਲ ਦਸ ਸੁਣ ਕੇ ਇਹ ਫੇਰ ਆਪਣੇ ਡੇਰੇ ਨੂੰ ਚਲਿਆ ਗਿਆ । ਫੇਰ ਨਸੀਰ ਖ਼ਾਨ ਆਪਣੇ ਬਲੋਚ, ਬਰੂਹੀ,ਸਾਰਬਾਨੀ, ਜਿਹਲਬਾਨੀ, ਲਾਸ਼ਾਰੀ ਤੇ ਕਿਛੀ ਸਿਰਕਢ ਸਰਦਾਰਾਂ ਨੂੰ ਨਾਲ ਲੈ ਕੇ ਪਾਤਸ਼ਾਹ ਅਹਿਮਦ ਸ਼ਾਹ ਦੀ ਖਿਦਮਤ ਵਿਚ ਹਾਜ਼ਰ ਹੋਇਆ। ਉਸ ਨੇ ਸਾਰਿਆਂ ਨੂੰ "ਜੀ ਆਇਆ" ਆਖਿਆ ਤੇ ਸਾਰਿਆਂ ਦੀ ਵਾਰੋ ਵਾਰੀ ਸੁੱਖ ਸਾਂਦ ਪੁਛ ਕੇ ਜਿਵੇਂ ਕਿ ਬਲੋਚਾਂ ਵਿਚ ਰਸਮ ਹੈ, ਸਾਰਿਆਂ ਨੂੰ ਓਹਨਾਂ ਦੇ ਡੇਰਿਆਂ ਵਲ ਰੁਖ਼ਸਤ ਕਰ ਦਿਤਾ ।

ਅਗਲੇ ਦਿਨ ਤੜਕਸਾਰ ਲਸ਼ਕਰ ਨੇ ਕੂਚ ਕੀਤਾ ਤੇ ੯ ਕੋਹ ਸਫ਼ਰ ਤੈ ਕਰ ਕੇ ਮੁਕਾਮ ਕੀਤਾ । ਦੂਸਰੇ ਦਿਨ ਫਿਰ ਸਵੇਰੇ ਰਵਾਨਾ ਹੋਏ ਤੇ ਦਰਿਆ ਰਾਵੀ ਕੰਢੇ ਆਣ ਅਪੜੇ । ਪਾਤਸ਼ਾਹ ਆਪ ਤਾਂ ਦਰਿਆ ਪਾਰ ਲੰਘ ਕੇ ਲਾਹੌਰ ਚਲਿਆ ਗਿਆ, ਪਰ ਨਸੀਰ ਖਾਨ ਨੇ ਸ਼ਾਹਦਰੇ ਜਹਾਂਗੀਰ ਤੇ ਨੂਰ ਜਹਾਨ ਦੇ ਮਕਬਰਿਆਂ ਲਾਗੇ ਹੀ ਮੁਕਾਮ ਕੀਤਾ । ਜਦ ਦਿਨ ਚੜ੍ਹਿਆ ਤਾਂ ਨਸੀਰ ਖਾਨ ਵੀ ਦਰਿਆ ਪਾਰ ਕਰ ਕੇ ਪਾਤਸ਼ਾਹ ਦੇ ਲਸ਼ਕਰ ਵਿਚ ਜਾ ਮਿਲਿਆ ।

## ਪਾਤਸ਼ਾਹ ਦਾ ਲਾਹੌਰ ਪੁਜਣਾ ਤੇ ਕਾਫ਼ਰਾਂ (ਸਿਖਾਂ) ਦੇ ਖ਼ਿਲਾਫ਼ ਜੰਗ ਕਰਨ ਲਈ ਸਲਾਹ ਮਸ਼ਵਰਾ ਕਰਨਾ—

ਪਾਤਸ਼ਾਹ ਹੁਣ ਲਾਹੌਰ ਪਹੁੰਚ ਚੁਕਿਆ ਸੀ । ਦਰਬਾਰ ਵਿਚ ਤਖਤ ਉੱਤੇ ਬੈਠ ਕੇ ਚੋਟੀ ਦਿਆਂ ਸਿਰ-ਕੱਢਾਂ ਨੂੰ ਕਾਫਰਾਂ ਨਾਲ ਜੰਗ ਕਰਨ ਲਈ ਮਸ਼ਵਰੇ ਲਈ ਸੱਦਿਆ । ਮੁਲਕ ਦੇ ਨਾਮੀ ਸਿਰਕੱਢ ਪਹੁੰਚੇ ਹੋਏ ਸਨ । ਫੌਜਾਂ ਦੇ ਵਡੇ ਵਡੇ ਅਫ਼ਸਰ ਵੀ ਸਫਾਂ ਬੰਨ੍ਹੀਂ ਇਕ ਪਾਸੇ ਦਰਬਾਰ ਵਿਚ ਖੜੇ ਸਨ । ਪਾਤਸ਼ਾਹ ਵਖ ਵਖ ਹਰ ਇਕ ਪਾਸੋਂ (ਸਿਰਕਢਾਂ ਤੋਂ) ਕਾਫ਼ਰਾਂ ਦਾ ਪਤਾ ਪੁਛਦਾ ਸੀ ਤੇ ਕਹਿੰਦਾ ਸੀ ਕਿ ਜਦ ਉਨ੍ਹਾਂ ਵਿਚੋਂ ਕਿਧਰੇ ਕੋਈ ਜੀਅ ਨਜ਼ਰੀਂ ਹੀ ਨਹੀਂ ਆ ਰਿਹਾ ਤਾਂ ਦਸੋ ਉਹਨਾਂ ਨਾਲ ਇਹੇ ਜੰਗ ਕਿਵੇਂ ਲੜੀ ਜਾਵੇ—

ਸ਼ਾਹ ਅਜ਼ ਆਤਫ਼ਿਤ ਵ ਜ਼ ਖ਼ਿਰਦ ਪਰਵਰੀ । ਜ਼ ਹਰਯਕ ਬਪੁਰਸੀਦ ਜਾਂ ਦਾਵਰੀ ॥



www.AKJ.Org

ਜ਼ੁਦਾਗਾਨਾ ਪੁਰਸੀਦ ਜਾਂ ਸਰਵਰਾਂ । ਕਿ ਕਸ ਨੇਮਤ ਪੈਦਾ ਚੂੰ ਅਜ਼ ਕਾਫ਼ਰਾਂ ॥
ਕਿ ਆਇਦ ਬਮੈਦਾਨੇ ਨਾਵਰਦ ਗਾਹ । ਦਮੇਂ ਪਾਇਦਾਰ ਵ ਖ਼ਰੂਏ ਸਪਾਹ ॥

[ਸਫ਼ਾ ੭੭, ਸਤਰ ੬ ਤੋਂ ੮ ਤਕ

ਜਦ ਸਾਰੇ ਨਾਮੀ ਸਰਦਾਰ ਆਪਣਾ ਆਪਣਾ ਮਸ਼ਵਰਾ ਦੇ ਚੁਕੇ ਤਾਂ ਪਾਤਸ਼ਾਹ ਨੇ ਨਸੀਰ ਖਾਨ ਨੂੰ ਇਸ਼ਾਰਾ ਕੀਤਾ ਕਿ ਉਹ ਵੀ ਆਪਣੀ ਰਾਏ ਦਸੇ ।

ਨਸੀਰ ਖ਼ਾਨ ਨੇ ਅਗੋਂ ਕਿਹਾ, ਪਾਤਸ਼ਾਹ, ਸਾਨੂੰ ਜੋ ਵੀ ਹੁਕਮ ਦੇਵੇ, ਅਸੀਂ ਉਸ ਨੂੰ ਸਿਰ-ਮੱਥੇ ਮੰਨਾਂਗੇ ਤੇ ਉਵੇਂ ਹੀ ਕਰਾਂਗੇ । ਜਿਸ ਪਾਸੇ ਨੂੰ ਵੀ ਕਹੇਗਾ,ਅਸੀਂ ਬਰਬਾਦ ਕਰ ਸੁਟਾਂਗੇ । ਦੁਸ਼ਮਣਾਂ ਨੂੰ ਤਬਾਹ ਕਰ ਛਡਾਂਗੇ । ਹੁਣ ਤਾਂ ਸਾਨੂੰ ਹੁਕਮ ਦੀ ਦੇਰ ਹੈ । ਜੇ ਸਾਡੇ ਸਾਹਮਣੇ ਲੋਹੇ ਦਾ ਪਹਾੜ ਵੀ ਹੋਊ ਤਾਂ ਅਸੀਂ ਉਸ ਨੂੰ ਵੀ ਚੂਰ ਚੂਰ ਕਰ ਸੁਟਾਂਗੇ । ਇਹਨਾਂ ਸਿੱਖਾਂ ਵਿਚਾਰਿਆਂ ਦੀ ਤਾਂ ਗੱਲ ਹੀ ਕੀ ਹੈ, ਜੇਹੜੇ ਮਰਦਾਂ ਦੇ ਮੈਦਾਨ ਵਿਚ ਮੁਕਾਬਲੇ ਲਈ ਖਲੋ ਹੀ ਨਹੀਂ ਸਕਦੇ । ਉਹ ਚੋਰਾਂ ਵਾਂਗ ਚੋਰੀ ਚੋਰੀ ਆਉਂਦੇ ਹਨ ਤੇ ਬੁਜ਼ਦਿਲਾਂ ਵਾਂਗ ਲੜਾਈ ਕਰਦੇ ਹਨ । ਉਹ ਕਦੇ ਪਰ੍ਹਾ ਬੰਨ੍ਹ ਕੇ ਨਹੀਂ ਲੜਦੇ । ਜੇ ਕਿਤੇ ਸਫ਼ ਬੰਨ੍ਹ ਕੇ ਲੜਨ ਤਾਂ ਅਸੀਂ ਲੜਾਈ ਦਾ ਉਨ੍ਹਾਂ ਨੂੰ ਸਵਾਦ ਚਖਾ ਦਈਏ । ਉਹ ਤਾਂ ਪਾਤਸ਼ਾਹ ਦੀਆਂ ਫੌਜਾਂ ਅਗੇ ਨੱਸ ਜਾਂਦੇ ਹਨ । ਉਹ ਤਾਂ ਲੂਮੜ ਵਾਙੂ ਹੀਲਿਆਂ ਫ਼ਰੇਬਾਂ ਨਾਲ ਲੜਦੇ ਹਨ । ਮੈਦਾਨ ਵਿਚ ਸੂਰਮਿਆਂ ਵਾਂਗ ਤਾਂ ਆਉਂਦੇ ਹੀ ਨਹੀਂ, ਸਗੋਂ ਕਾਫ਼ਰਾਂ ਵਾਂਗ ਧੋਖੇ ਫਰੇਬ ਦੀ ਲੜਾਈ ਲੜਦੇ ਹਨ । ਪਾਤਸ਼ਾਹੀ ਫ਼ੌਜਾਂ ਬੜੀ ਭਾਰੀ ਗਿਣਤੀ ਵਿਚ ਵਧਾਈਆਂ ਜਾਣ ।ਫੇਰ ਇਹ ਫੌਜਾਂ ਲੈ ਕੇ ਅਚਨਚੇਤ ਕਾਫ਼ਰਾਂ ਦੇ ਸਿਰਾਂ ਉਤੇ ਜਾ ਕੜਕੀਏ ਤੇ ਉਨ੍ਹਾਂ ਵਿਚ ਅਫ਼ਰਾ ਤਫ਼ੜੀ ਮਚਾ ਦਿਤੀ ਜਾਵੇ । ਉਨ੍ਹਾਂ ਦਾ ਮਾਲ ਅਸਬਾਬ ਸਾੜ ਫੂਕ ਦਿਤਾ ਜਾਵੇ । ਮਰਦਾਂ ਵਾਂਗ ਇਨ੍ਹਾਂ ਉਤੇ ਟੁਟ ਪਈਏ ਤੇ ਇਨ੍ਹਾਂ ਦੀ ਜੜ੍ਹ ਮੇਖ ਪੁਟ ਕੇ ਐਸਾ ਸਫ਼ਾਇਆ ਕਰੀਏ ਕਿ ਕਿਤੇ ਵੇਖਣ ਨੂੰ ਨਾ ਲਭਣ । ਉਨ੍ਹਾਂ ਦਾ ਕੁਲ ਬੁਧੀ ਮੁੰਡਾ ਫੜ ਕੇ ਕੈਦ ਕਰ ਲਈਏ—

ਹਰ ਆਂ ਚਿਹ ਅਮਰ ਅਸਤ ਐ ਨਾਮਵਰ । ਬਜਾ ਆ'ਵਰੇਮ ਆਂ ਬਚਸ਼ਮੋ ਬਹਿ ਸਰ ।
ਬਹਰ ਜਾ ਕਿ ਫ਼ਰਮੂਦਾਈ ਤਾਖ਼ਤੇਮ । ਅਦੂਰਾ ਖ਼ਰਾਬੋ ਤਬ੍ਹਾ ਸਾਖ਼ਤੇਮ ।
ਕਨੂੰ ਹਰ ਚਿਹ ਅਮਰ ਅਸਤ ਮੇਕਨਮ । ਅਗਰ ਕੋਹੇ ਆਹਨ ਬਵਦ ਬਸ਼ਿਕਨਮ ।
ਚਿਹ ਬਾਸ਼ਿੰਦ ਸਿੱਖਹਾਏ ਬੇਦੀਂ ਨਖ਼ੰਦ । ਬਮੈਦਾਨੇ ਮਰਦਾਂ ਨਮੇ ਏਸਤੰਦ ।
ਬਦੁਜ਼ਦੀ ਦਰ ਆਇੰਦ ਹਮ ਦੁਜਦ ਵਾਰ । ਯਕੇ ਗੁਰਗ ਜੰਗੇ ਕੁਨਦ ਅਜ਼ ਕਿਨਾਰ ।
ਬ ਸਫ਼ ਜੰਗ ਨਾਇੰਦ ਦਰ ਹੇਚ ਗਾਹ । ਗਰ ਆਇੰਦ ਗਰਦਦ ਰੁਖ਼ੇ ਸ਼ਾਂ ਰੂ ਸਿਆਹ।
ਗਰੇਜ਼ੰਦ ਜ਼ ਅਫ਼ਵਾਜੇ ਸ਼ਾਹਿਨਸ਼ਹੇ । ਬਜੰਗਦ ਬਾ ਹੀਲਾਏ ਰੋਬਹੇ ।... ...
ਬਰ ਆਰੇਮ ਬੁਨਿਆਦੇ ਸ਼ਾਂ ਰਾ ਤਮਾਮ । ਹਮੀਂ ਜਾ ਬਬੀਨੰਦ ਬਾ ਇਹਤਮਾ'ਮ ।
ਜ਼ਨੋ ਬੱਚਾ ਸ਼ਾ ਰਾ ਦਰ ਆਂ ਦਾਰੋ ਗੀਰ । ਬਿਬੰਦ ਆਵਰੇਮ ਵ ਨਮਾਇਮ ਅਸੀਰ ।

[ਸਫ਼ਾ ੭੮, ਸਤਰਾਂ ੨੦ ਤੋਂ ੩੪ ਤਕ

ਨਸੀਰ ਖਾਨ ਦਾ ਦਲੇਰਾਨਾ ਜਵਾਬ ਸੁਣ ਕੇ ਅਹਿਮਦ ਸ਼ਾਹ ਨੇ ਬੜੀ ਸਰਾਹਣਾ ਕੀਤੀ ਤੇ ਕਿਹਾ ਕਿ ਜੋ ਤੁਸਾਂ ਕਿਹਾ ਹੈ ਬਿਲਕੁਲ ਠੀਕ ਹੈ । ਪਰ ਉਹ ਬਦ, ਆਤਸ਼-ਪ੍ਰਸਤ* (ਅੱਗ ਨੂੰ ਪੂਜਣ ਵਾਲੇ)

---

* ਸਿਖਾਂ ਨੂੰ ਆਤਸ਼-ਪ੍ਰਸਤ (ਅੱਗ-ਪੂਜ) ਕਹਿ ਕੇ ਕਾਜ਼ੀ ਨੂਰ ਮੁਹੰਮਦ ਨੇ ਸਿਖਾਂ ਬਾਰੇ ਆਪਣੀ ਅਧੂਰੀ ਜਾਣਕਾਰੀ ਦਾ ਇਕ ਬੜਾ ਵਡਾ ਸਬੂਤ ਪੇਸ਼ ਕੀਤਾ ਹੈ । ਸਿਖਾਂ ਬਾਰੇ ਥੋੜੀ ਜਿਹੀ ਵਾਕਫੀਅਤ ਰਖਣ ਵਾਲਾ ਵੀ ਜਾਣਦਾ ਹੈ ਕਿ ਸਿਖ ਆਤਸ਼-ਪ੍ਰਸਤ ਨਹੀਂ ਹਨ । ਸਿਖ ਪੱਕੇ ਤੌਹੀਦ-ਪ੍ਰਸਤ ਹਨ। ਇਕ ਨਿਰੰਕਾਰ ਅਕਾਲ ਪੁਰਖ ਨੂੰ ਹੀ ਮੰਨਦੇ ਤੇ ਪੂਜਦੇ ਹਨ। ਕਾਜ਼ੀ ਜੀ ਤੁਅਸਬ ਤੇ ਨਫ਼ਰਤ ਦੀ ਅੱਗ ਵਿਚ ਭੁਜਦੇ ਹੋਏ ਨੇ ਸਿਖਾਂ ਨੂੰ ਆਤਸ਼-ਪ੍ਰਸਤ ਘਿਰਣਾ ਭਰੀ ਗਾਲ੍ਹੀ ਵਜੋਂ ਕਿਹਾ ਹੈ ।



www.AKJ.Org

ਮੇਰੇ ਲਸ਼ਕਰ ਤੋਂ ਬਹੁਤ ਦੂਰ ਦੁਰਾਡੇ ਗਏ ਹੋਏ ਹਨ। ਓਥੇ ਨਾ ਪਾਣੀ ਹੈ ਨਾ ਘਾਹ ਪੱਠਾ ਹੈ। ਮੈਨੂੰ ਡਰ ਹੈ ਕਿ ਮੇਰਾ ਲਸ਼ਕਰ ਭੁਖ ਤੇ ਤੇਹ ਹਥੋਂ ਹੀ ਨਾ ਬਰਬਾਦ ਹੋ ਜਾਵੇ। ਉਹ ਕਾਫ਼ਰ ਇਸ ਵੇਲੇ ਲਖੀ ਜੰਗਲ ਵਿਚ ਲੁਕੇ ਬੈਠੇ ਹਨ।† ਇਹ ਜੰਗਲ ਐਥੋਂ (ਲਾਹੌਰੋਂ) ਡੇਢ ਸੌ ਕੋਹ ਦੂਰ ਹੈ। ਕਾਫ਼ੀ ਸਾਮਾਨ ਅਸਬਾਬ ਨਾਲ ਲੈ ਕੇ ਸਾਰੀ ਫੌਜ ਨੂੰ ਉਥੇ ਜੰਗਲ ਦੇ ਨਜ਼ਦੀਕ ਲੈ ਚਲੀਏ ਤੇ ਫਿਰ ਯੱਕ-ਦਮ ਉਨ੍ਹਾਂ ਦੇ ਸਿਰਾਂ ਉਤੇ ਟੁਟ ਪਈਏ ਤੇ ਇਸ ਤਰ੍ਹਾਂ ਉਹਨਾਂ ਦੀ ਜੜ੍ਹ ਮੇਖ ਪੁਟ ਗਵਾਈਏ।‡ ਪਾਤਸ਼ਾਹ ਦੀ ਇਸ ਸਲਾਹ ਨੂੰ ਸਾਰਿਆਂ ਬੜਾ ਪਸੰਦ ਕੀਤਾ ਤੇ ਫੇਰ ਆਪੋ ਆਪਣੀ ਆਰਾਮਗਾਹ ਨੂੰ ਮੁੜ ਗਏ :—

ਬਰੋ ਅਫਰੀਂ ਖਾਂਦ ਸ਼ਾਹੇ ਜਹਾਂ। ਕਿ ਹਰ ਚਿਹ ਆ ਬਗੁਫ਼ਤੀ ਬਵਦ ਹਮ ਚਨਾਂ।
ਵਲੇ ਆਂ ਸਫ਼ੀਹਾਨੇ ਆਤਿਸ਼ ਪ੍ਰਸਤ। ਜ਼ ਲਸ਼ਕਰ ਗਹੇ ਮਾ ਬਸੇ ਦੂਰ ਹਸਤ।
ਨਾ ਆਬ ਅਸਤ ਆਂ ਜਾ ਨਾ ਕਾਹੋ ਅਲਫ਼। ਮਬਾਦਾ ਸ਼ਵਦ ਲਸ਼ਕਰੇ ਮਾ ਤਲਫ਼।
ਲਖੀ ਜੰਗਲ ਅਸਤ ਜਾਇ ਆਂ ਕਾਫ਼ਰਾਂ। ਦਰਾਜ਼ ਨਿਹਾਂ ਗਸ਼ਤਾ ਆਂ ਮੁਦਬਰਾਂ।
ਅਜ਼ੀ ਜਾਸਤ ਪੰਜਾਹ ਫ਼ਰ ਸੰਗ ਰਾਹ। ਬਿਹ ਸਾਮਾਨ ਬਸੇ ਰਫ਼ਤਾ ਖ਼ਾਹਦ ਸਿਪਾਹ।
ਚੂੰ ਨਜ਼ਦੀਕੇ ਆਂ ਜੰਗਲਸਤਾਂ ਰਵੇਮ। ਹਮਾਂ ਹਮ ਗਰੋਹੇ ਸ਼ਤਾਬਾਂ ਸ਼ਵੇਮ।
ਬ ਤਾਜ਼ੇਮ ਯਕਸਰ ਬਰਾਂ ਬਦਰਗਾਂ। ਬਰਾਰੇਮ ਬੁਨਿਆਦ ਵ ਬੇਖ ਅਜ਼ ਸਗਾਂ।

[ਸਫ਼ਾ ੭੮-੭੯, ਸਤਰ ੩੬ ਤੋਂ ੪੨ ਤਕ

## ਸਿਖਾਂ ਦੇ ਲਸ਼ਕਰ ਦਾ ਆਪਣੇ ਆਪ ਆ ਜਾਣਾ ਤੇ ਪਾਤਸ਼ਾਹੀ ਲਸ਼ਕਰ ਦੇ ਹਰਾਵਲ ਦਸਤੇ ਉਤੇ ਹਮਲਾ ਕਰਨਾ, ਜੰਗ ਹੋਣਾ—

ਦੂਸਰੇ ਦਿਨ ਜਦ ਸੂਰਜ ਚੜ੍ਹਿਆ ਤਾਂ ਸਾਰੇ ਸਿਰ-ਕਢ ਸਰਦਾਰ ਆਮ ਦਸਤੂਰ ਅਨੁਸਾਰ ਪਾਤਸ਼ਾਹ ਦੇ ਸਾਹਮਣੇ ਹਾਜ਼ਰ ਖੜੇ ਸਨ ਕਿ ਐਨ ਇਸ ਵੇਲੇ ਕਰਾਵਲ (ਮੁਹਰਲੀ-ਫੌਜ—ਮੁਰੈਲ) ਫੌਜ ਦਾ ਇਕ ਘੋੜ-ਸਵਾਰ ਘੋੜਾ ਨਠਾਉਂਦਾ ਹੋਇਆ ਪੁਜਾ ਤੇ ਪਾਤਸ਼ਾਹ ਨੂੰ ਖ਼ਬਰ ਦਿਤੀ ਕਿ ਕੁੱਤਿਆਂ (ਵੈਰੀ) ਦਾ ਭਾਰਾ ਲਸ਼ਕਰ ਆਣ ਪਿਆ ਹੈ ਤੇ ਕਰਾਵਲ ਦੇ ਗਾਜ਼ੀਆਂ ਉਤੇ ਕਿਆਮਤ ਢਾਹ ਦਿਤੀ ਹੈ। ਜੇਕਰ ਪਾਤਸ਼ਾਹ ਤੁਰੰਤ ਉਹਨਾਂ ਦੀ ਇਮਦਾਦ ਲਈ ਨਾ ਪੁਜਾ ਤਾਂ ਹਨੇਰ ਛਾ ਜਾਵੇਗਾ--

ਜ਼ ਫ਼ੌਜੇ ਕਰਾਵਲ ਸਵਾਰੇ ਦਵਾਂ। ਬਿਆਮਦ ਬਰੇ ਸ਼ਾਹ ਗੀਤੀ ਸਤਾਂ।
ਕਿ ਆਮਦ ਜ਼ ਸਗ ਲਸ਼ਕਰੇ ਬੇ ਸ਼ੁਮਾਰ। ਬਗਾਜ਼ੀ ਕਰਾਵਲ ਤਬਾਹ ਅਸਤ ਕਾਰ।
ਬਇਮਦਾਦ ਨਾਇਦ ਅਗਰ ਸ਼ਹਿਰ ਯਾਰ। ਬਰ ਆਮਦ ਬਆਲਮ ਯਕੇ ਗੀਰੋ ਦਾਹ।

[ਸਫ਼ਾ ੮੦, ਸਤਰਾਂ ੩ ਤੋਂ ੫ ਤਕ

---

† ਏਸ ਵੇਲੇ ਸਿਖਾਂ ਨੂੰ ਲਖੀ ਜੰਗਲ ਵਿਚ ਲੁਕੇ ਹੋਏ ਦਸ ਕੇ ਕਾਜ਼ੀ ਜੀ ਫਿਰ ਟਪਲਾ ਖਾ ਗਏ ਹਨ। ਸ: ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਥਲੇ ਬੁਢਾ ਦਲ ਦੇ 15 ਹਜ਼ਾਰ ਸਿੰਘ ਨਜੀਬੁੱਦੌਲਾ ਦੇ ਵਿਰੁਧ ਜਵਾਹਰ ਸਿੰਘ ਭਰਤਪੁਰੀਏ ਰਾਜੇ ਦੀ ਸਹਾਇਤਾ ਲਈ ਗਏ ਹੋਏ ਸਨ। ਜਦ ਇਹਨਾਂ ਨੂੰ ਅਬਦਾਲੀ ਦੇ ਸਤਵੀਂ ਵਾਰ ਪੰਜਾਬ ਉਤੇ ਚੜ੍ਹ ਕੇ ਆਉਣ ਦਾ ਪਤਾ ਲਗਾ ਸੀ ਤਾਂ ਉਸ ਦਾ "ਯੋਗ ਸਵਾਗਤ" ਕਰਨ ਲਈ ਇਹ ਫ਼ੌਰਨ ਲਾਹੌਰ ਵਲ ਨੂੰ ਮੁੜ ਪਏ ਸਨ। ਹਵਾਲੇ ਵਜੋਂ ਵੇਖੋ—

ਕੇ. ਆਰ. ਕਾਨੂੰਗੋ—ਹਿਸਟਰੀ ਆਫ਼ ਦੀ ਜਾਟਸ, ਸਫ਼ਾ 174-76, ਸਰ ਜਾਦੂ ਨਾਥ ਸਰਕਾਰ—ਫ਼ਾਲ ਆਫ਼ ਦੀ ਮੁਗਲ ਇੰਪਾਇਰ-॥ ਸਫ਼ਾ 464, ਸਯੱਦ ਨੂਰੁੱਦੀਨ—ਅਹਿਵਾਲ-ਏ-ਨਜੀਬੁਦੌਲਾ ਸਫ਼ਾ 82 ੳ, 85 ੳ। ਜੇ ਸਿੰਘ ਲਖੀ ਜੰਗਲ ਵਿਚ ਲੁਕੇ ਹੁੰਦੇ ਤਾਂ ਅਗਲੇ ਦਿਨ ਸ: ਚੜ੍ਹਤ ਸਿੰਘ ਕਰਾਵਲ ਫੌਜ ਉਤੇ ਕਿਵੇਂ ਅਚਨਚੇਤ ਆਣ ਪੈਂਦਾ ?

‡ ਮੁਫ਼ਤੀ ਅਲੀਉੱਦੀਨ—ਇਬਰਤ ਨਾਮਾ ਸਫ਼ਾ 275-76



www.AKJ.Org

ਪਾਤਸ਼ਾਹ ਨੇ ਝਟ ਚੜ੍ਹਾਈ ਦਾ ਹੁਕਮ ਦਿਤਾ ਤੇ ਉਸੇ ਵੇਲੇ ਹਰ ਪਾਸਿਓਂ ਫੌਜ ਲੜਾਈ ਵਾਲੀ ਥਾਂ ਨੂੰ ਧਾ ਕੇ ਚੜ੍ਹ ਤੁਰੀ। ਇਸ ਦਿਨ ਕਰਾਵਲ ਦਸਤਿਆਂ ਵਜੋਂ ਬਲੋਚ ਮੁਕੱਰਰ ਕੀਤੇ ਹੋਏ ਸਨ। ਨਸੀਰ ਖਾਨ ਦੇ ਹੁਕਮ ਨਾਲ ਦੋ ਬਲੋਚ ਸਰਦਾਰ ਨਿਯੁਕਤ ਸਨ–ਇਕ ਮਗਸੀਆਂ ਦਾ ਸਰਦਾਰ ਬਹਿਰਾਮ ਖਾਨ ਤੇ ਦੂਜਾ ਬਲਦੀਆਂ ਦਾ ਸਰਦਾਰ ਅਹਿਮਦ ਖਾਨ ਬਲੀਦੀ। ਸਿਖਾਂ ਦੀ ਫੌਜ ਨੇ ਬੜੀ ਤੇਜ਼ੀ ਨਾਲ ਹੱਲਾ ਕੀਤਾ ਸੀ ਤੇ ਪੈਂਦਿਆਂ ਸਾਰ ਹੀ ਉਹਨਾਂ ਗ਼ਾਜ਼ੀਆਂ ਨੂੰ ਤੇਗ ਅਗੇ ਧਰ ਲਿਆ। ਉਹ ਘੋੜਿਆਂ ਨੂੰ ਭਜਾ ਭਜਾ ਕੇ ਗਾਜ਼ੀਆਂ ਦੀ ਕਟਾ ਵਢ ਕਰੀ ਜਾ ਰਹੇ ਸਨ। ਜਦ ਅਹਿਮਦ ਖਾਨ ਬਲੀਦੀ ਨੇ ਇਹ ਹਾਲਤ ਤੱਕੀ ਕਿ ਸਿਖ ਮੋਮਨਾਂ ਨੂੰ ਦਬਾਈ ਜਾਂਦੇ ਹਨ ਤਾਂ ਉਸ ਤੋਂ ਬਰਦਾਸ਼ਤ ਨਾ ਹੋ ਸਕਿਆ ਤੇ ਉਹ ਝਟ ਘੋੜੇ ਨੂੰ ਅੱਡੀ ਲਾ ਕੇ ਸਿਖਾਂ ਦੀਆਂ ਸਫ਼ਾਂ ਉਤੇ ਜਾ ਝਪਟਿਆ। ਇਸ ਮਰਦਾਨਾ-ਵਾਰ ਹਮਲੇ ਵੇਲੇ ਆਪਣੇ ਪੁੱਤਰ ਨੂੰ ਵੀ ਨਾਲ ਹੀ ਲੈ ਗਿਆ ਸੀ ਕਿ ਮੈਂ ਇਕੱਲਾ ਹੀ ਜੰਨਤ ਨੂੰ ਕਿਉਂ ਜਾਵਾਂ। ਸਿਖ ਵੀ ਮਰਦਾਨਾ-ਵਾਰ ਇਨ੍ਹਾਂ ਦੋਹਾਂ ਪਿਉ-ਪੁਤਾਂ ਨਾਲ ਜੁਟ ਪਏ ਤੇ ਫਿਰ ਖੂਬ ਗਹਿ-ਗੱਚ ਘਮਸਾਨ ਮੱਚਿਆ ਤੇ ਖੂਨ ਡੁਲ੍ਹਿਆ—

ਬਰ ਅੰਗੇਖ਼ਤ ਅਸਬ ਆਂ ਤਹਮਤਨ ਸੀਯਰ। ਬੁਰਦ ਬਰ ਸਫ਼ੂਫ਼ੇ ਸਗੇ ਬਦ ਸੀਯਰ।
ਦਰਾਂ ਹਮਲਾ ਕਾਂ ਸ਼ੇਰ ਮਰਦਾਨਾ ਕਰਦ। ਪਿਸਰ ਰਾ ਬਖ਼ੁਦ ਨੀਜ਼ ਹਮਰਾਹ ਬੁਰਦ।
ਕਿ ਤਿਨਹਾ ਚਰਾ ਮਨ ਬਜੰਨਤ ਰਵਮ। ਹਮਾਂ ਬਹਿ ਕਿ ਬਾ ਪੋਰ ਯਕ ਜਾ ਸ਼ਵਮ।......
ਚੂੰ ਪੋਰੋ ਪਿਦਰ ਹਰ ਦੋ ਆਮੇਖ਼ਤੰਦ। ਕਿਆਮਤ ਜ਼ ਸਗਹਾ ਬਰ ਅੰਗੇਖ਼ਤੰਦ।
ਚਨਾਂ ਤਾਖ਼ਤ ਆਵੁਰਦ ਬਰ ਕਾਫਰਾਂ। ਕਿ ਪਸ ਗਸ਼ਤ ਅਫ਼ਵਾਜੇ ਆਂ ਮਦੁਬਰਾਂ।
ਸਗਾਂ ਨੀਜ਼ ਅਜ਼ ਰਾਹੇ ਦੀਵਾਨਗੀ। ਨਾ ਦੀਵਾਨਗੀ ਬਲਕਿਹ ਮਰਦਾਨਗੀ।
ਬਆਂ ਪਹਿਲਵਾਨਾਂ ਦਰ ਆਵੇਖ਼ਤੰਦ। ਕਿ ਖ਼ੂੰ ਰਾ ਬਖ਼ਾਕ ਅੰਦਰ ਆਮੇਖ਼ਤੰਦ।

[ਸਫ਼ਾ ੮੩, ਸਤਰਾਂ ੬੫ ਤੋਂ ੭੨ ਤਕ

ਇੰਜ ਕੁਝ ਦੇਰ ਤਕ ਲੜਾਈ ਹੁੰਦੀ ਰਹੀ। ਅੰਤ ਵਿਚ ਇਕ ਸਿਖ ਨੇ ਅਹਿਮਦ ਖ਼ਾਨ ਦੀ ਵਖੀ ਵਿਚ ਇਸ ਜ਼ੋਰ ਨਾਲ ਨੇਜ਼ਾ ਮਾਰਿਆ ਕਿ ਉਸ ਦੀ ਵਖੀ ਪਾੜ ਸੁਟੀ। ਖਾਨ ਘੋੜੇ ਤੋਂ ਜ਼ਮੀਨ ਤੇ ਆਣ ਡਿਗਾ ਤੇ ਸ਼ਹੀਦ ਹੋ ਗਿਆ। ਇਸ ਦੇ ਪੁਤਰ ਨੇ ਬੜੇ ਜ਼ੋਰ ਨਾਲ ਤਲਵਾਰ ਵਾਹੀ। ਆਖ਼ਰ ਉਹ ਵੀ ਤੇਗ ਦਾ ਫਟ ਖਾ ਕੇ ਸ਼ਹੀਦ ਹੋ ਗਿਆ। ਏਸ ਤਰ੍ਹਾਂ ਮਗਸੀਆਂ ਵਿਚੋਂ ਚਾਰ ਜਵਾਨ, ਲਾਸ਼ਾਰੀਆਂ ਵਿਚੋਂ ਚਾਰ ਜਵਾਨ ਤੇ ਦਨਿਆਰੀਆਂ ਦੇ ਵੀ ਜਵਾਨ ਮਾਰੇ ਗਏ। ਮੁਕਦੀ ਗੱਲ ਇਹ ਕਿ ਸਿਖਾਂ ਦੇ ਹਥੋਂ ਬਾਰ੍ਹਾਂ (੧੨) ਮੋਮਨ ਸ਼ਹੀਦ ਹੋ ਗਏ।

ਜ਼ਿ ਦਸਤੇ ਸਗਾਂ ਖ਼ੂਕ ਖਾਰੋ ਪਲੀਦ। ਦਹ ਵ ਦੋ ਤਨ ਅਜ਼ ਮੋਮਨਾਂ ਸ਼ੁਦ ਸ਼ਹੀਦ। [ਸਫ਼ਾ ੮੪,ਸਤਰ ੮੨ਵੀਂ

(ਚਲਦਾ)


## ਮਾਸਕ ਰੈਣ ਸਬਾਈ ਅਖੰਡ ਕੀਰਤਨ ਸਮਾਗਮ

੧੦ ਮਈ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਸਾਹਿਬ ਪਾਤਸ਼ਾਹੀ ਛੇਵੀਂ ਮੰਡੀ ਗੋਬਿੰਦ ਗੜ੍ਹ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਏ ਦੀਦਾਰ ਬਖਸ਼ੋ ਤੇ ਲਾਹੇ ਪ੍ਰਾਪਤ ਕਰੋ।

ਦਾਸਰਾ—ਹਰੀ ਸਿੰਘ ਮੰਡੀ ਗੋਬਿੰਦਗੜ੍ਹ (ਪਟਿਆਲਾ)

ਪੁਛਗਿਛ—ਮਾ: ਉਜਾਗਰ ਸਿੰਘ ਖਾਲਸਾ ਫਰਵਾਲੀ P. O. ਲੋਹਟਬਦੀ (ਸੰਗਰੂਰ)

## ਤਉ ਕਿਉ ਮੁਰਗੀ ਮਾਰੈ ?

ਇਸ ਗੁਰਮਤਿ ਵਿਚਾਰ-ਪੱਤਰ ਵਿਚ ਮਾਸ ਖਾਣ ਬਾਰੇ ਸਭ ਦਲੀਲਾਂ ਤੇ ਸ਼ੰਕਿਆਂ ਨੂੰ ਗੁਰਬਾਣੀ ਗੁਰਮਤਿ, ਤੇ ਇਤਿਹਾਸਕ ਹਵਾਲਿਆਂ ਨਾਲ ਸਪੱਸ਼ਟ ਕੀਤਾ ਗਿਆ ਹੈ। ਪੜ੍ਹੋ ਤੇ ਆਪਣੇ ਵਿਚਾਰ ਭੇਜੋ।




ਭੇਟਾ ਪੰਜਾਹ ਪੈਸੇ, ਪਰਚਾਰ ਹਿਤ ਵੰਡਣ ਹਿਤ ਖ਼ਾਸ ਰਿਆਇਤ।

www.AKJ.Org

# ਗੁਰਬਾਣੀ ਦੀ ਪਾਰਸ-ਕਲਾ

[ਵਲੋਂ—ਗੁਰਮੁਖ ਪਿਆਰੇ ਮਾ: ਜੁਗਿੰਦਰ ਸਿੰਘ ਜੀ ਬੜੂੰਦੀ]

ਮਾਸਟਰ ਜੁਗਿੰਦਰ ਸਿੰਘ ਜੀ 'ਸੁਞੇ ਘਰ ਕਾ ਪਾਹੁਣਾ'' ਵਿਚਲੇ ਲੇਖ ਵਿਚ ਲਿਖਦੇ ਹਨ ਕਿ—

ਇਕ ਦਿਨ ਦੀ ਗੱਲ ਹੈ ਕਿ ਪੱਤੀ ਰੋਕੋਂ ਵਿਖੇ ਮੈਨੂੰ ਸ੍ਰੀ ਅਖੰਡਪਾਠ ਦੀ ਰੌਲ ਲਾਉਣ ਦਾ ਅਵਸਰ ਬਣਿਆ। ਇਹ ਪਾਠ ਸ: ਜੁਗਿੰਦਰ ਸਿੰਘ ਜੀ ਐਸ. ਡੀ. ਓ. ਨੇ ਆਪਣੀ ਹਵੇਲੀ ਦੇ ਉਤਲੇ ਚਉਬਾਰੇ ਵਿਚ ਕਰਵਾਇਆ ਸੀ। ਜਦ ਕੋਈ ਪੰਦਰ੍ਹਾਂ ਕੁ ਮਿੰਟ ਮੇਰੀ ਰੌਲ ਦੇ ਰਹਿ ਗਏ ਤਾਂ ਸ: ਸਵਾਈ ਸਿੰਘ ਜੀ ਅਚਨਚੇਤ ਹੀ ਸ੍ਰੀ ਅਖੰਡ ਪਾਠ ਵਾਲੇ ਕਮਰੇ ਵਿਚ ਬੜੇ ਅਦਬ ਸਤਿਕਾਰ ਨਾਲ ਮੱਥਾ ਟੇਕ ਕੇ ਆ ਬੈਠੇ ਤੇ ਪ੍ਰੇਮ ਪਿਆਰ ਨਾਲ ਇਕ-ਮਨ ਇਕ-ਚਿਤ ਹੋ ਕੇ ਪਾਠ ਸੁਣਨ ਲਗ ਪਏ। ਉਸ ਸਮੇਂ ਪਾਠ ਭੀ ਉਚੀ ਸੁਰ ਨਾਲ ਵੈਰਾਗਮਈ ਢੰਗ ਨਾਲ ਐਸਾ ਨਿਖਰਵਾਂ ਹੋ ਰਿਹਾ ਸੀ ਮਾਨੋ ਸਰੋਤਿਆਂ ਦੇ ਹਿਰਦਿਆਂ ਨੂੰ ਵਿੰਨ੍ਹੀ ਜਾ ਰਿਹਾ ਸੀ।

ਜਦ ਮੈਂ ਪਾਠ ਤੋਂ ਵਿਹਲਾ ਹੋ ਕੇ ਆਪਣੇ ਘਰ ਜਾਣ ਲਗਾ ਤਾਂ ਸ: ਸਵਾਈ ਸਿੰਘ ਜੀ ਭੀ ਮੇਰੀ ਗੈਲੇ ਹੋ ਤੁਰੇ। ਓਹਨਾਂ ਦਾ ਘਰ ਮੇਰੇ ਰਸਤੇ ਵਿਚ ਹੀ ਸੀ। ਘਰ ਦੇ ਪਾਸ ਪੁਜਣ ਸਾਰ ਫੁਰਤੀ ਨਾਲ ਮੇਰੇ ਅਗੇ ਆ ਖੜੋਤੇ ਅਤੇ ਇਕ ਸਹਿਜ ਪਾਠ ਆਪਣੇ ਗ੍ਰਿਹ ਵਿਖੇ ਕਰਵਾਉਣ ਲਈ ਨਿਮਰਤਾ ਸਹਿਤ ਜ਼ੋਰ-ਦਾਰ ਸ਼ਬਦਾਂ ਵਿਚ ਅਪੀਲ ਕੀਤੀ। ਮੇਰਾ ਆਪਣਾ ਮਨ ਉਸ ਸਮੇਂ ਗੁਰ-ਬਾਣੀ ਦੀ ਪਾਰਸ-ਕਲਾ ਨਾਲ ਦ੍ਰਵੀਭੂਤ ਹੋਇਆ ਪਿਆ ਸੀ। ਸੁਰਤਿ ਨਾਮ ਵਿਚ ਲੀਣ ਸੀ। ਓਹਨਾਂ ਦੀ ਪ੍ਰਬਲ ਪ੍ਰੇਰਨਾ ਦੇ ਅਧੀਨ ਹੋ ਕੇ ਝਟਾ ਪਟ ਹੀ ਪਰਵਾਨਗੀ ਦੇਣ ਦੀ ਕੀਤੀ। ਉਹਨਾਂ ਨੇ ਮਕਾਨ ਦੀ ਸਫ਼ਾਈ, ਧੂਪ ਦੀਪ ਦੀ ਸੇਵਾ, ਮਹਾਰਾਜ ਜੀ ਦੀ ਹਾਜ਼ਰੀ ਦੇ ਪਹਿਰੇ ਦਾ ਜ਼ੁਮਾ ਅਤੇ ਪਾਠ ਦੀ ਪੂਜਾ ਕਿਸੇ ਜੋਗ ਥਾਂ ਤੇ ਲਾਉਣ ਆਦਿ ਸਾਰੀਆਂ ਗੱਲਾਂ ਖੁਸ਼ੀ ਨਾਲ ਮਨਜ਼ੂਰ ਕਰ ਲਈਆਂ, ਸਗੋਂ ਸਾਰਾ ਪਾਠ ਤੱਤਪਰ ਹੋ ਕੇ ਸੁਨਣ ਦਾ ਬਚਨ ਭੀ ਦੇ ਦਿਤਾ।

ਪੂਰੀ ਤਿਆਰੀ ਪਸਚਾਤ ਗੁਰ-ਮਰਯਾਦਾ ਅਨੁਸਾਰ ਪਾਠ ਪ੍ਰਾਰੰਭ ਕੀਤਾ ਗਿਆ। ਆਂਢ ਗੁਆਂਢ ਦੇ ਹੋਰ ਕਈ ਪ੍ਰੇਮੀ ਸਜਣ ਭੀ ਪਾਠ ਸੁਣਨ ਲਈ ਹਾਜ਼ਰੀਆਂ ਭਰਨ ਲਗੇ। ਓਹਨਾਂ ਦਾ ਗੁਆਂਢੀ ਲਾਲਾ ਪ੍ਰਿਥੀ ਚੰਦ ਗੁਰ-ਬਾਣੀ ਦਾ ਬੜਾ ਸ਼ਰਧਾਲੂ ਸੀ। ਉਸ ਨੇ ਤਾਂ ਇਕ ਦਿਨ ਭੀ ਨਾਗਾ ਨਾ ਪੈਣ ਦਿਤਾ।

ਇਕ ਦਿਨ ਸ: ਸਵਾਈ ਸਿੰਘ ਜੀ ਪਾਠ ਸੁਣਦੇ ਸੁਣਦੇ ਉਚੀ ਉਚੀ ਭੁੱਬਾਂ ਮਾਰ ਕੇ ਰੋਣ ਲਗ ਪਏ, ਮਾਨੋ ਓਹਨਾਂ ਤੇ ਗੁਰਬਾਣੀ ਦੇ ਪਾਠ ਨੇ ਪਾਰਸ-ਕਲਾ ਵਰਤਾ ਦਿਤੀ। ਓਹਨਾਂ ਦੀ ਇਸ ਵੈਰਾਗਮਈ ਦਸ਼ਾ ਦਾ ਮੇਰੇ ਅਤੇ ਸਰੋਤਿਆਂ ਤੇ ਬੜਾ ਡੂੰਘਾ ਅਸਰ ਪਿਆ। ਮੇਰਾ ਹਿਰਦਾ ਭੀ ਦ੍ਰਵੀਭੂਤ ਹੋ ਗਿਆ। ਗਲਾ ਪਾਠ ਕਰਨੋਂ ਰੁਕ ਖੜੋਤਾ ਅਤੇ ਨੇਤਰ ਜਲ-ਪੂਰਤ ਹੋ ਗਏ। ਕੁਝ ਸਮਾਂ ਚੁੱਪ ਹੀ ਵਰਤੀ ਰਹੀ। ਆਖ਼ਰ ਮੇਰੇ ਵਲੋਂ ਕਾਰਨ ਪੁਛਣ ਤੇ ਸ: ਸਵਾਈ ਸਿੰਘ ਨੇ ਹਾਹੁਕੇ ਲੈਂਦਿਆਂ ਥਿੜਕਵੀਂ ਅਤੇ ਹਿਰਦੇ-ਵੇਧਕ ਅਵਾਜ਼ ਅੰਦਰ ਐਉਂ ਉਤਰ ਦਿਤਾ—

''ਮਾਸਟਰ ਜੀ ਬੱਸ! ਮੈਥੋਂ ਅਗੇ ਪਾਠ ਸੁਣਿਆ ਨਹੀਂ ਜਾਂਦਾ। ਜੋ ਪੌਲੇ (ਜੁੱਤੀਆਂ) ਗੁਰੂ ਸਾਹਿਬ ਜੀ ਵਲੋਂ ਗੁਰਬਾਣੀ ਦੁਆਰਾ ਮੇਰੇ ਮੂੰਹ ਤੇ ਪੈ ਰਹੇ ਹਨ ਓਹ ਮੈਥੋਂ ਸਹਾਰੇ ਨਹੀਂ ਜਾਂਦੇ। ਧੰਨ ਹਨ ਜੋ ਨਿਤਾਪ੍ਰਤੀ ਇਸ ਪ੍ਰਕਾਰ ਖੌਂਸੜੇ ਖਾਂਦੇ ਹੋਏ ਰਤਾ ਜਿੰਨਾ ਗੁਮੇਹ ਨਹੀਂ ਕਰਦੇ। ਮੇਰਾ ਹਿਰਦਾ ਅੱਜ ਵਿੰਨ੍ਹਿਆ ਜਾ ਚੁਕਾ ਹੈ। ਅੱਗਾ ਨੇੜੇ ਦਿਸ ਰਿਹਾ ਹੈ, ਜੋ ਭਿਆਨਕ ਰੂਪ ਧਾਰੀ ਖੜਾ ਹੈ। ਪਿੱਛਾ ਦੂਰ ਰਹਿ ਗਿਆ ਹੈ, ਜੋ ਕਿਸੇ ਕੀਮਤ ਤੇ ਮੁੜ ਨਹੀਂ ਆਉਣਾ। ਮੇਰੇ ਪਰਮ ਸਨੇਹੀ ਮਿਤਰ ਸ:



www.AKJ.Org

ਬੱਗਾ ਸਿੰਘ ਜੀ* ਚੁੱਪ-ਚੁਪੀਤੇ ਹੀ ਸਾਨੂੰ ਸਾਰਿਆਂ ਨੂੰ ਭੁੱਲ-ਭੁਲਾਈ ਦੇ ਕੇ ਪਤਾ ਨਹੀਂ ਕਿਧਰ ਨੂੰ ਤੁਰ ਗਏ ਹਨ। ਓਹਨਾਂ ਦੇ ਅਮੋਲਕ ਬਚਨਾਂ ਨੂੰ ਅਸੀਂ ਆਵਾਗਉਣ ਹੀ ਸਮਝਦੇ ਰਹੇ। ਘੰਟਿਆਂ ਬੱਧੀ ਓਹਨਾਂ ਪਾਸੋਂ ਕਈ ਵਾਰੀ ਗਿਆਨ-ਚਰਚਾ ਸੁਣੀ, ਪਰ ਇਸ ਖੁਟਹਰ ਮਨ ਨੇ ਰੰਚਕ ਭੀ ਅਸਰ ਕਬੂਲ ਨਾ ਕੀਤਾ। ਕੰਨ-ਰਸ ਕਰ ਕੇ ਹੀ ਸੁਣਦੇ ਰਹੇ। ਅਮਲ ਕਰ ਕੇ ਕੁਝ ਨਾ ਦੇਖਿਆ। ਗੁਰੂ ਜਾਣੇ ਅਗੇ ਜਮ-ਪੁਰੀ ਵਿਖੇ ਕੀ ਹਾਲ ਹੋਊ। ਅਵੱਸ਼ ਬੁਰਾ ਤੇ ਮੰਦਾ ਹਾਲ ਹੀ ਪਰਤੱਖ ਪਿਆ ਜਾਪਦਾ ਹੈ। ਮੈਨੂੰ ਤਾਂ ਨਰਕਾਂ ਦੇ ਇਨਚਾਰਜਾਂ ਭੀ ਨਹੀਂ ਸੰਭਾਲਣਾ। ਜਿਸ ਦਿਨ ਤੋਂ ਆਪ ਨੇ ਪਾਠ ਅਰੰਭ ਕੀਤਾ ਹੈ, ਖਾਣਾ ਪੀਣਾ ਵਿਸਰਦਾ ਜਾ ਰਿਹਾ ਹੈ। ਕੋਈ ਪਦਾਰਥ ਚੰਗਾ ਨਹੀਂ ਲਗਦਾ। ਸਾਰਾ ਜਹਾਨ ਵਿਹੁ ਰੂਪ ਹੋ ਭਾਸਿਆ ਹੈ। ਰਾਤ ਨੂੰ ਨੀਂਦਰ ਭੀ ਪੂਰੀ ਨਹੀਂ ਪੈਂਦੀ। ਮੋਹ-ਮਾਇਆ ਦੇ ਜਾਲ ਵਿਚੋਂ ਨਿਕਲਣ ਲਈ ਜੀ ਉਤਾਵਲਾ ਹੋ ਰਿਹਾ ਹੈ। ਆਪ ਦੇ ਜਾਣ ਪਿਛੋਂ ਅਨੇਕਾਂ ਪ੍ਰਕਾਰ ਦੇ ਫੁਰਨੇ ਕੁਫੁਰਨੇ ਮਨ ਅੰਦਰ ਉਪਜਦੇ ਹਨ। ਨਾਨਾ ਪ੍ਰਕਾਰੀ ਪ੍ਰਸ਼ਨ ਆਪਣੇ ਆਪ ਅੰਦਰੋਂ ਦਰਿਆ ਦੀਆਂ ਲਹਿਰਾਂ ਵਤ ਉਤਪੰਨ ਹੋ ਰਹੇ ਹਨ।

ਆਪ ਦਾ ਹੁਕਮ ਸੀ ਕਿ ਪਾਠ ਸੁਣਦਿਆਂ ਹੋਰ ਕਿਸੇ ਪ੍ਰਕਾਰ ਦੀ ਗੱਲ-ਬਾਤ ਨਹੀਂ ਚਲਾਉਣੀ। ਮੇਰੀ ਅਵੱਗਿਆ ਬਖਸ਼ ਲੈਣੀ। ਗੁਰਬਾਣੀ ਸੁਣ ਕੇ ਮੇਰੇ ਅੰਦਰ ਅਨੇਕਾਂ ਪ੍ਰਕਾਰ ਦੇ ਸਵਾਲਾਂ ਦਾ ਹੜ੍ਹ ਵਗ ਤੁਰਿਆ ਹੈ। ਅਜ ਤਾਂ ਮੈਂ ਆਪਣੇ ਅੰਦਰਲੇ ਹੜ੍ਹ ਦੇ ਵੇਗ ਨੂੰ ਠਲ੍ਹ ਹੀ ਨਹੀਂ ਸਕਿਆ। ਆਪ ਜੀ ਮੈਨੂੰ ਪੂਰੇ ਗੁਰ-ਸਿਖ ਜਾਪਦੇ ਹੋ। ਆਪ ਜੀ ਦੀ ਰਹਿਣੀ, ਬਹਿਣੀ, ਸਹਿਣੀ, ਦਾ ਪ੍ਰਭਾਵ ਕੋਈ ਗੁਝਾ ਛਿਪਾ ਨਹੀਂ। ਸੁਣਿਆ ਹੈ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਣਗਿਣਤ ਪਾਠ ਕੀਤੇ ਸੁਣੇ ਹਨ। ਗੁਰ-ਬਾਣੀ ਨੂੰ ਆਪ ਜੀ ਨੇ ਖੂਬ ਘੋਖ ਕੇ ਕਮਾ ਕੇ ਵੇਖਿਆ ਹੈ। ਆਪ ਗੁਰਬਾਣੀ ਦੀਆਂ ਗੋਹਜ ਰਮਜ਼ਾਂ ਦੇ ਭੇਤੀ ਹੋ।... ... ਮੈਂ ਆਪਣੇ ਸ਼ੰਕੇ ਆਪ ਪਾਸੋਂ ਨਵਿਰਤ ਕਰਵਾਉਣੇ ਚਾਹੁੰਦਾ ਹਾਂ। ਆਪ ਆਗਿਆ ਦੇਵੋ ਕਿ ਸਵੇਰ ਦਾ ਸਮਾਂ ਗੁਰ-ਬਾਣੀ ਦੇ ਪਾਠ ਕਰਨ ਸੁਣਨ ਵਿਚ ਸਫਲ ਕੀਤਾ ਜਾਇਆ ਕਰੇ ਤੇ ਆਥਣ ਦੇ ਸਮੇਂ ਆਪ ਸਾਡੇ ਸਰੋਤਿਆਂ ਦੇ ਸ਼ੰਕੇ ਨਵਿਰਤ ਕਰਿਆ ਕਰੋ।''

ਸ: ਸਵਾਈ ਸਿੰਘ ਦੇ ਉਕਤ ਬਚਨ ਸੁਣ ਕੇ ਮੈਂ ਉਤਰ ਦਿਤਾ, ''ਮੇਰੇ ਸੰਬੰਧੀ ਆਪ ਜੀ ਨੂੰ ਭੁਲੇਖਾ ਲਗਾ ਹੈ। ਮੇਰੀ ਦਸ਼ਾ ਤਾਂ 'ਗਲੀਂ ਹਉ ਸੋਹਾਗਣਿ ਭੈਣੇ ਕੰਤ ਨ ਕਬਹੂੰ ਮੈ ਮਿਲਿਆ' ਵਾਲੀ ਹੈ। ਦੁਨੀਆ ਅੰਦਰ ਸਿਵਾਇ ਪੂਰੇ ਗੁਰੂ ਤੇ ਸ਼ੰਕੇ ਨਵਿਰਤੀ ਕਰਨ ਵਾਲਾ ਨਾ ਕੋਈ ਪਿਛੇ ਹੋਇਆ ਹੈ ਨਾ ਅਗੇ ਹੋਵੇਗਾ। ਜਗਤ ਗੁਰੂ ਧੁਰ ਧੁਰੰਤਰੀ ਗੁਰ, ਨਿਰੰਕਾਰੀ ਗੁਰੂ ਬਾਣੀ ਦੇ ਰੂਪ ਵਿਚ ਸਾਰਿਆਂ ਦੇ ਸ਼ੰਕੇ ਨਵਿਰਤ ਕਰਨ ਦੇ ਸਮਰਥ ਹੈ। ਹਾਂ, ਗੁਰਬਾਣੀ ਦੀ ਰੌਸ਼ਨੀ ਵਿਚ ਜੋ ਮੈਨੂੰ ਸੂਝ ਬੂਝ ਪਈ ਹੈ, ਮੈਂ ਆਪਣੀ ਤੁੱਛ ਬੁੱਧੀ ਦੁਆਰਾ ਆਪ ਜੀ ਦੀ ਸ਼ੇਵਾ ਕਰਨ ਲਈ ਸਦਾ ਤੱਤਪਰ ਹਾਂ।''

ਅਗਲੇ ਪਰਚੇ ਵਿਚ ਇਹ ਪ੍ਰਸ਼ਨੋਤਰੀ ਦਿਤੀ ਜਾਏਗੀ ਕਿ ਮਨਮੁਖ ਕੌਣ ਹਨ ਤੇ ਗੁਰਮੁਖ ਕੌਣ ?

---

* ਮਾਸਟਰ ਜੁਗਿੰਦਰ ਸਿੰਘ ਜੀ ਦੇ ਗੁਰਮੁਖ ਪਿਤਾ ਜੀ।

## ਲੁਧਿਆਣਾ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਸ: ਗੁਰਚਰਨ ਸਿੰਘ ੧੪੮-ਐਲ ਮਾਡਲ ਟਾਊਨ (ਨੇੜੇ ਗੁ: ਸਿੰਘ ਸਭਾ) ਬੇਨਤੀ ਕਰਦੇ ਹਨ ਕਿ ੧੮ ਮਈ ਐਤਵਾਰ ਨੂੰ ਸਵੇਰੇ ਉਨ੍ਹਾਂ ਦੇ ਗ੍ਰਿਹਿ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਸੰਗਤਾਂ ਦਰਸ਼ਨ ਦੇ ਕੇ ਕਿਰਤਾਰਥ ਕਰਨ।



www.AKJ.Org

# ਗੁਰਬਾਣੀ ਛਪਾਈ ਦੀ ਇਕ-ਸਾਰਤਾ

## [‘ਖਾਲਸਾ ਸਮਾਚਾਰ’ ਦੇ ਲੇਖ ਦੇ ਉਤਰ ਵਿਚ]

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

"ਖਾਲਸਾ ਸਮਾਚਾਰ" ੧੭-੪-੮੦ ਅੰਕ ਵਿਚ "ਸ੍ਰੀ ਗੁਰੂ ਗ੍ਰੰਥ ਬਾਣੀ ਵਿਚ ਹਸਤਾਖੇਪ ?" ਹੈਡਿੰਗ ਥਲੇ ਐਡੀਟੋਰੀਅਲ ਨੋਟ ਦਿਤਾ ਗਿਆ ਹੈ, ਜਿਸ ਵਿਚ ਦਾਸ ਵਿਰੁਧ ਇਹ ਦੋਸ਼ ਅਰੋਪਿਆ ਗਿਆ ਹੈ ਕਿ ਦਾਸ ਵਲੋਂ ਪ੍ਰਕਾਸ਼ਤ "ਸਟੀਕ ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ" ਵਿਚ ਮਨ-ਮਰਜ਼ੀ ਅਨੁਸਾਰ ੩੦੦ ਤੋਂ ਉਪਰ ਅਖਰੀ ਤੇ ਮਾਤ੍ਰਿਕ ਤਬਦੀਲੀਆਂ ਕਰ ਦਿਤੀਆਂ ਗਈਆਂ ਹਨ। ਸੁਜੋਗ ਐਡੀਟਰ ਸਾਹਿਬ ਨੇ ਟਿਪਣੀ ਕਰਦਿਆਂ ਲਿਖਿਆ ਹੈ—

"ਬੜਾ ਅਫ਼ਸੋਸ ਹੈ ਕਿ ਸਾਡੇ ਵੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਆਪਣੀ ਮਨਮਤਿ ਅਨੁਸਾਰ ਹਸਤਾਖੇਪ ਕਰਨ ਦੀ ਖੁਲ੍ਹ ਲੈ ਰਹੇ ਹਨ, ਤੇ ਇਸ ਗਲ ਨੂੰ ਮਾਮੂਲੀ ਸਮਝ ਰਹੇ ਹਨ।... ... ਸਾਨੂੰ ਕਿਸੇ ਨੂੰ ਬੀ ਕੋਈ ਅਧਿਕਾਰ ਨਹੀਂ ਕਿ ਪੰਚਮ ਪਾਤਸ਼ਾਹ ਤੇ ਦਸਮ ਗੁਰੂ ਦੀ ਕੀਤੀ ਨੂੰ ਅਣਕੀਤੀ ਕਰੀਏ, ਤੇ ਆਪਣੀ ਮਤਿ ਨੂੰ ਉਚੀ ਸਮਝ ਕੇ ਸਤਿਗੁਰਾਂ ਦੀਆਂ ਰਖੀਆ ਸ਼ੈਲੀਆਂ ਵਿਚ ਦਿਸਦੇ ਫ਼ਰਕ ਨੂੰ ਅਨਜਾਣ ਅਗਯਾਨੀ ਲਿਖਾਰੀਆ ਤੇ ਛਾਪਕਾਂ ਦੀਆਂ ਪਾਈਆਂ ਅਸ਼ੁਧੀਆਂ ਦਸ ਕੇ ਆਪ ਬਾਣੀ ਦੇ ਪਾਠਾਂ ਵਿਚ ਅਦਲਾ ਬਦਲੀਆਂ ਦੀ ਖੁਲ੍ਹ ਲੈ ਲਈਏ।"

ਮੈਨੂੰ ਛੁਟੀਆ ਮਗਰੋਂ ੧੫-੪-੮੦ ਨੂੰ ਦਫਤਰ ਆਉਣ ਤੇ ਸਕੱਤਰ ਸਾਹਿਬ ਚੀਫ਼ ਖਾਲਸਾ ਦੀਵਾਨ ਦੀ ਇਕ ਚਿਠੀ ਮਿਲੀ, ਜਿਸ ਰਾਹੀਂ ਉਹਨਾਂ ਨੇ ਸ: ਪ੍ਰੀਤਮ ਸਿੰਘ ਚੀਫ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਅਹਿਮਦਾਬਾਦ ਦੀ ਤਾਰ ਦੀ ਕਾਪੀ ਮੈਨੂੰ ਜਵਾਬ ਦੇਣ ਲਈ ਭੇਜੀ ਸੀ। ਤਾਰ ਮੁਹਮਲ ਜਿਹੀ ਸੀ ਅਤੇ ਇਸ ਵਿਚ ਦਾਸ ਦੀ ਪ੍ਰਕਾਸ਼ਨਾ, ਜਿਸ ਬਾਰੇ ਬਾਣੀ ਵਿਚ ਤਬਦੀਲੀ ਕਰਨ ਦਾ ਦੋਸ਼ ਲਾਇਆ ਹੋਇਆ ਸੀ, ਕੋਈ ਵੇਰਵਾ ਨਹੀਂ ਸੀ। ਮੈਂ ਇਸ ਪਤਰ ਦਾ ਉਤਰ ਦੇਣ ਵਾਲਾ ਹੀ ਸਾਂ ਕਿ ‘ਖਾਲਸਾ ਸਮਾਚਾਰ’ ਮਿਤੀ ੧੭-੪-੮੦ ਮੈਨੂੰ ਮਿਲ ਗਿਆ। ਸੁਖ !

ਮੇਰੀ ਤੁਛ ਬੁਧੀ ਅਨੁਸਾਰ ਮੇਰੇ ਵੀਰ ਨੇ ਜਲਦ-ਬਾਜ਼ੀ ਅਤੇ ਗ਼ੈਰ-ਜ਼ਿੰਮੇਵਾਰੀ ਤੋਂ ਕੰਮ ਲਿਆ ਹੈ। ਅਜਿਹੇ ਮਹੱਤਵ-ਪੂਰਣ ਮਸਲੇ ਧੀਰਜ ਅਤੇ ਪੂਰੀ ਜ਼ਿਮੇਵਾਰੀ ਨਾਲ ਵਿਚਾਰ ਦੀ ਮੰਗ ਕਰਦੇ ਹਨ। ਚੰਗਾ ਹੁੰਦਾ ਜੇ ਮੇਰੇ ਵਿਚਾਰ ਲੈਣ ਉਪਰੰਤ ਕੁਝ ਲਿਖਿਆ ਜਾਂਦਾ, ਜਾਂ ਘਟੋ ਘਟ ਵਿਚਾਰ-ਅਧੀਨ ਪੁਸਤਕ ਵਿਚ ਦਾਸ ਵਲੋਂ ਦਿਤਾ ਅਰੰਭਕ ਨੋਟ ਪੜ੍ਹ ਲਿਆ ਜਾਂਦਾ, ਜੋ ਇਸ ਪ੍ਰਕਾਰ ਹੈ :—

"ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੀ ਲਿਖਾਈ ਛਪਾਈ ਵਿਚ ਅਣਗਿਣਤ ਲਗ-ਮਾਤ੍ਰੀ ਭੇਦ ਹਨ। ਵੱਖ ਵੱਖ ਪ੍ਰਕਾਸ਼ਕਾਂ ਵਲੋਂ ਛਪੀਆਂ ਬੀੜਾਂ ਅਤੇ ਸੰਚਿਆਂ ਵਿਚ ਪਰਸਪਰ ਲਗ-ਮਾਤ੍ਰੀ ਭੇਦ ਵੀ ਬਹੁਤ ਜ਼ਿਆਦਾ ਹਨ। **ਇਹਨਾਂ ਭੇਦਾਂ ਵਲ ਪੰਥਕ ਤੌਰ ਤੇ ਧਿਆਨ ਦੇਣ ਅਤੇ ਇਕਸਾਰਤਾ ਲਿਆਉਣ ਦੀ ਫ਼ੌਰੀ ਲੋੜ ਹੈ।**

ਪੁਰਾਤਨ ਪ੍ਰਮਾਣੀਕ ਹੱਥ-ਲਿਖਤੀ ਬੀੜਾਂ ਅਤੇ ਗੁਰਬਾਣੀ ਦੇ ਲਗ-ਮਾਤ੍ਰੀ ਨਿਯਮਾਂ ਦੀ ਅਗਵਾਈ ਵਿਚ ਨਾਵੇ ਮਹਲੇ ਦੀ ਬਾਣੀ ਦੇ ਛਪ ਰਹੇ ਸਰੂਪ ਨੂੰ ਵਿਚਾਰ ਕੇ ਸ਼ੁਧ ਰੂਪ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਜੋ ਕੁਝ ਪ੍ਰਾਪਤ ਹੋਇਆ ਹੈ, ਇਸ ਪੁਸਤਕ ਰਾਹੀਂ ਪਾਠਕਾਂ ਸਾਹਮਣੇ ਟੀਕੇ ਸਹਿਤ ਪੇਸ਼ ਕੀਤਾ ਜਾ ਰਿਹਾ ਹੈ। ਇਸ ਨੂੰ ਜਿਥੇ ਨਿਜੀ ਤੌਰ ਤੇ ਵਿਚਾਰਨ ਅਤੇ ਘੋਖਣ ਦੀ ਲੋੜ ਹੈ ਉਥੇ ਪੰਥਕ ਤੌਰ ਤੇ ਵਿਚਾਰਨ ਅਤੇ ਪੰਥ ਪ੍ਰਮਾਣਿਤ ਰੂਪ ਨਿਰਣੈ ਕਰਨ ਦੀ ਅਤੀਅੰਤ ਲੋੜ ਹੈ। ਸਮੁੱਚ ਪੰਥ ਦੇ ਧਿਆਨ ਯੋਗ ਹੈ ਇਹ ਮਸਲਾ। ਸਾਰਿਆਂ ਗੁਰਸਿਖਾਂ ਨੂੰ ਆਪਣੇ ਤੌਰ ਤੇ ਪੰਥ ਦਾ ਧਿਆਨ ਇਸ ਮਸਲੇ ਤੇ ਕੇਂਦਰਤ ਕਰਨ ਲਈ ਪ੍ਰਯਤਨ-ਸ਼ੀਲ ਹੋਣ ਦੀ ਲੋੜ ਹੈ।"

ਸੋ ਮੇਰੇ ਵਿਰੁਧ ਲਾਇਆ ਗਿਆ ਦੋਸ਼ ਕਿ ਮੈਂ ਨਿਜ-ਮਤ ਦੇ ਅਧਾਰ ਤੇ ਬਾਣੀ ਵਿਚ ਕੋਈ

www.AKJ.Org

ਤਬਦੀਲੀ ਕੀਤੀ ਹੈ, ਸਰਾਸਰ ਨਿਰਮੂਲ ਅਤੇ ਗ਼ਲਤ ਹੈ। ਮੈਂ ਇਸ ਕਥਨ ਨਾਲ ਸੌ ਫ਼ੀ ਸਦੀ ਸਹਿਮਤ ਹਾਂ ਕਿ ਕਿਸੇ ਵੀ ਵਿਅਕਤੀ ਵਲੋਂ ਬਾਣੀ ਵਿਚ ਕਿਸੇ ਕਿਸਮ ਦੀ ਤਬਦੀਲੀ ਕੀਤੇ ਜਾਣਾ ਕੁਫ਼ਰ ਤੁਲ ਹੈ। ਜਿਹੜਾ ਮੂਲ ਪਾਠ ਵਿਚਾਰ-ਅਧੀਨ ਪੁਸਤਕ ਵਿਚ ਪੇਸ਼ ਕੀਤਾ ਗਿਆ ਹੈ, ਇਹ ਮੇਰੀ ਨਿਜ-ਮਤ ਤੇ ਨਹੀਂ, ਸਗੋਂ ਲਿਖਤੀ ਬੀੜਾਂ ਉਤੇ ਅਧਾਰਤ ਹੈ। ਇਸ ਤੋਂ ਪਹਿਲਾਂ ਪਾਠਾਂ ਦੇ ਇਹ ਰੂਪ ਸ਼ਬਦਾਰਥ ਅਤੇ ਪ੍ਰੋ: ਸਾਹਿਬ ਸਿੰਘ ਜੀ ਦੇ ਟੀਕੇ ਵਿਚ ਅੰਕਿਤ ਮਿਲਦੇ ਹਨ।

ਹਰੇਕ ਪਾਠ ਸਬੰਧੀ ਮੇਰੇ ਪਾਸ ਵਖ ਵਖ ਲਾਇਬਰੇਰੀਆਂ ਵਿਚ ਸੁਰੱਖਿਅਤ ਪ੍ਰਮਾਣੀਕ ਬੀੜਾਂ ਦੇ ਨੰਬਰ ਮੌਜੂਦ ਹਨ, ਪਰ ਇਹ ਸਭ ਕੁਝ ਪੇਸ਼ ਕਰਦਿਆਂ ਮੈਂ ਦੋਵੇਂ ਬਾਹਾਂ ਉਚੀਆਂ ਕਰ ਕੇ ਇਹ ਮਾਮਲਾ ਪੰਥ ਦੇ ਨੋਟਿਸ ਵਿਚ ਲਿਆਉਣ ਦਾ ਨਿਮਾਣਾ ਪਰ ਨਿਗਰ ਯਤਨ ਕੀਤਾ ਅਤੇ ਸਾਰ ਪਾਠਕਾਂ ਨੂੰ ਪੰਥ ਦਾ ਧਿਆਨ ਏਧਰ ਦਿਵਾਉਣ ਲਈ ਭਰਪੂਰ ਪ੍ਰੇਰਨਾ ਦਿਤੀ।

ਬਦਕਿਸਮਤੀ ਦੀ ਗੱਲ ਇਹ ਹੈ ਕਿ ਪੰਥ ਧੜਿਆਂ ਵਿਚ ਵੰਡਿਆ ਹੋਇਆ ਹੈ ਅਤੇ ਹਰ ਕੋਈ ਧਰਮ ਨੂੰ ਛਡ ਕੇ ਧੜੇ ਦੀ ਗੱਲ ਵਲ ਵਿਸ਼ੇਸ਼ ਧਿਆਨ ਦੇਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਚਿਤ ਬਾਣੀ ਦੇ ਕੁਲ ੫੯ ਸਬਦ ਅਤੇ ੫੭ ਸਲੋਕ ਹਨ। ਗਿਣਤੀ ਦੇ ਸ਼ਬਦ ਤੇ ਸਲੋਕ ਹੋਣ ਦੇ ਬਾਵਜੂਦ ਵਖ ਵਖ ਪ੍ਰਕਾਸ਼ਕਾਂ ਵਲੋਂ ਛਪੀਆਂ ਬੀੜਾਂ, ਸੈਂਚੀਆਂ, ਗੁਟਕਿਆਂ ਅਤੇ ਟੀਕਿਆਂ ਵਿਚ ਛਪੇ ਮੂਲ ਪਾਠ ਦਾ ਪਰਸਪਰ ਮੇਲਾਨ ਕਰਨ ਤੇ ਪਤਾ ਲਗਾ ਕਿ ਇਹਨਾਂ ਵਿਚ ੫੦੦ ਦੇ ਕਰੀਬ ਲਗ-ਮਾਤ੍ਰੀ ਫ਼ਰਕ ਹਨ। ਕਿਡੀ ਅਧੋਗਤੀ ਦੀ ਹਾਲਤ ਹੈ!

ਇਸ ਮਸਲੇ ਵਲ ਸਮੁਚੇ ਪੰਥ ਦਾ ਧਿਆਨ ਕੇਂਦਰਤ ਕਰਨ ਲਈ "ਸਿੰਘ ਸਭਾ ਪਤ੍ਰਿਕਾ" ਮਹੀਨਾ ਸਤੰਬਰ ੧੯੭੬ ਵਿਚ ਇਹਨਾਂ ਫਰਕਾਂ ਦੀ ਲਿਸਟ ਛਾਪਦਿਆਂ ਹੋਇਆਂ ਮੂਲ ਪਾਠ ਵਿਚ ਪੰਥਕ ਤੌਰ ਤੇ ਇਕ-ਸਾਰਤਾ ਲਿਆਉਣ ਲਈ ਟੇਰ - ਪੁਕਾਰ ਕੀਤੀ ਗਈ। ਸਾਡੀ ਪੁਕਾਰ ਤਾਂ ਸਾਰੇ ਗੁਰਮੁਖਾਂ ਤਕ ਸ਼ਾਇਦ ਪੁਜੀ ਨਹੀਂ ਹੋਣੀ ਅਤੇ ਜਿਨ੍ਹਾਂ ਪਾਸ ਪੁਜੀ ਵੀ, ਉਹਨਾਂ ਨੇ ਵੀ ਕੁਝ ਨਿਗਰ ਕਦਮ ਇਸ ਪਾਸੇ ਵਲ ਪੁਟਿਆ ਨਹੀਂ। ਸਮੁਚੇ ਪੰਥ ਵਲੋਂ ਇਸ ਸਬੰਧ ਵਿਚ ਅਜ ਤਕ ਕੋਈ ਨਿਗਰ ਉਪਰਾਲਾ ਪੰਥਕ ਤੌਰ ਤੇ ਨਹੀਂ ਕੀਤਾ ਗਿਆ।

ਸ਼ੁਕਰ ਹੈ, ਹੁਣ ਸਤਿਗੁਰਾਂ ਨੇ ਇਸ ਅਵਾਜ਼ ਨੂੰ ਵਧੇਰੇ ਗੁਰਮੁਖਾਂ ਤਕ ਪੁਚਾਉਣ ਲਈ ਇਕ ਹੋਰ ਕੌਤਕ ਰਚ ਦਿਤਾ ਹੈ। ਭਲਾ ਹੋਇਆ! ਪਾਠਕਾਂ ਦੀ ਜਾਣਕਾਰੀ ਲਈ ਉਸ ਲੇਖ ਨੂੰ ਲਿਸਟ ਸਮੇਤ ਫਿਰ ਛਾਪਿਆ ਜਾ ਰਿਹਾ ਹੈ। ਪਾਠਕ ਆਪ ਹੀ ਦੇਖ ਲੈਣ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਪ੍ਰਕਾਸ਼ਤ ਬੀੜ, ਗੁਟਕੇ ਅਤੇ ਸ਼ਬਦਾਰਥ ਵਿਚ ਛਪੀ ਮੂਲ ਬਾਣੀ ਵਿਚ ਇਕਸਾਰਤਾ ਨਹੀਂ। ਫਿਰ ਸ਼ਬਦਾਰਥ ਦੀਆਂ ਵਖ ਵਖ ਐਡੀਸ਼ਨਾਂ ਵਿਚ ਛਪੀ ਮੂਲ-ਬਾਣੀ ਦੀ ਛਪਾਈ ਵਿਚ ਵੀ ਫ਼ਰਕ ਹੈ। ਪ੍ਰੋ: ਸਾਹਿਬ ਸਿੰਘ ਜੀ ਦੇ ਟੀਕੇ, ਭਾ: ਸਾ: ਵੀਰ ਸਿੰਘ ਜੀ ਦੀਆਂ ਸੰਥਿਆ ਸੈਂਚੀਆਂ ਅਤੇ ਵਪਾਰੀ ਪ੍ਰਕਾਸ਼ਕਾਂ ਵਲੋਂ ਛਪੀਆਂ ਬੀੜਾਂ ਵਿਚ ਵੀ ਮੂਲ ਬਾਣੀ ਦੇ ਅਣਗਿਣਤ ਫ਼ਰਕ ਹਨ।

ਫ਼ਰਕਾਂ ਦੀ ਲਿਸਟ ਪੜ੍ਹ ਕੇ ਪਾਠਕ ਬੌਂਦਲ ਜਾਣਗੇ ਕਿ ਗੁਰਬਾਣੀ ਦੀ ਛਪਾਈ ਵਿਚ ਏਨੀ ਘੋਰ ਅਣਗਹਿਲੀ! ਫਿਰ ਸਵਾਲ ਪੈਦਾ ਹੁੰਦਾ ਹੈ ਕਿ ਕੋਈ ਜੋ ਜੀਅ ਆਵੇ ਛਾਪੀ ਜਾਏ ਜਾਂ ਕਿਸੇ ਇਕਸਾਰਤਾ ਦੀ ਲੋੜ ਹੈ? ਜੇ ਇਕਸਾਰਤਾ ਦੀ ਵਾਕਿਆ ਈ ਲੋੜ ਹੈ ਤਾਂ ਕਿਹੜਾ ਰੂਪ ਪ੍ਰਮਾਣੀਕ ਹੈ, ਜਿਸ ਦੇ ਅਧਾਰ ਤੇ ਬਾਕੀ ਥਾਵੇਂ ਸੋਧ ਕਰ ਲਈ ਜਾਵੇ? ਇਹ ਮਸਲਾ ਪੰਥ ਦੇ ਸਾਹਮਣੇ ਹੈ ਤੇ ਇਸ ਸੰਬੰਧੀ ਨਿਰਣਾ ਪੰਥ ਨੇ ਕਰਨਾ ਹੈ।

ਅੰਤ ਵਿਚ ਦਾਸ ਵਲੋਂ ਅਧੀਨਗੀ ਸਹਿਤ ਜੋਦੜੀ ਹੈ ਕਿ ਇਸ ਮਸਲੇ ਨੂੰ ਪੂਰਨ ਸੰਜੀਦਗੀ, ਇਮਾਨ-ਦਾਰੀ ਅਤੇ ਧੀਰਜ ਨਾਲ ਵਿਚਾਰ ਕਰ ਕੇ ਪਰਸਪਰ-ਭਰੋਸੇ ਅਤੇ ਖਾਲਸਈ ਸਪਿਰਟ ਨਾਲ ਸੁਲਝਾਣ ਦਾ ਯਤਨ ਹੋਣਾ ਚਾਹੀਦਾ ਹੈ। ਸ਼ੋਸ਼ੇ-ਬਾਜ਼ੀਆਂ ਨਾਲ ਕੋਈ ਨਿਗਰ ਨਤੀਜਾ ਨਹੀਂ ਨਿਕਲਦਾ, ਸਗੋਂ ਮਸਲੇ ਉਲਝ ਕੇ ਰਹਿ ਜਾਂਦੇ ਹਨ।

ਦਾਸ — ਜੁਗਿੰਦਰ ਸਿੰਘ



www.AKJ.Org

## "ਸਿੰਘ ਸਭਾ ਪਤ੍ਰਿਕਾ" ਸਤੰਬਰ ੧੯੭੬ ਵਿਚ ਛਪਿਆ ਲੇਖ–

ਭਾ: ਸਾ: ਜੋਗਿੰਦਰ ਸਿੰਘ ਜੀ

# ਗੁਰਬਾਣੀ ਦੀ ਸ਼ੁਧ ਛਪਾਈ

"ਆਦਿ ਬੀੜ" ਜੋ ਬਾਅਦ ਵਿਚ ਸੰਪੂਰਨ ਹੋਣ ਮਗਰੋਂ "ਸ੍ਰੀ ਗੁਰੂ ਗ੍ਰੰਥ ਸਾਹਿਬ" ਦੀ ਪਦਵੀ ਨੂੰ ਪ੍ਰਾਪਤ ਹੋਈ, ਦੀ ਸੰਕਲਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ। ਉਸ ਬੀੜ ਵਿਚ ਭਗਤਾਂ ਅਤੇ ਭਟਾਂ ਤੋਂ ਛੁਟ ਪੰਜ ਸਤਿਗੁਰਾਂ ਦੀ ਬਾਣੀ ਹੈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ, ਮਗਰੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬੀੜ ਵਿਚ ਚੜ੍ਹਾਈ ਗਈ।

ਵੈਸੇ ਤਾਂ ਛਾਪੇ/ਲਿਖਤ ਦੀ ਅਣਗਹਿਲੀ ਕਾਰਨ ਬੀੜ ਵਿਚ ਛਪੀ ਬਾਕੀ ਸਤਿਗੁਰਾਂ/ਭਗਤਾਂ/ਭਟਾਂ ਦੀ ਬਾਣੀ ਵਿਚ ਵੀ ਕਈ ਥਾਵੇਂ ਲਗਮਾਤ੍ਰੀ ਉਕਾਈਆਂ ਦੇਖਣ ਵਿਚ ਆਉਂਦੀਆਂ ਹਨ, ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੀ ਲਿਖਾਈ/ਛਪਾਈ ਵਿਚ ਤਾਂ ਫਰਕਾਂ/ਉਲੰਘਣਾਵਾਂ ਦੀ ਭਰਮਾਰ ਦੇਖਣ ਵਿਚ ਆਉਂਦੀ ਹੈ। ਲਗ-ਮਾਤ੍ਰੀ ਫਰਕਾਂ ਤੋਂ ਛੁੱਟ ਅੱਖਰਾਂ ਤੇ ਸ਼ਬਦਾਂ ਦੇ ਵੀ ਭੇਦ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਮਨਾਉਣ ਲਈ ਦੇਸ਼ ਦੇ ਹਰੇਕ ਵਰਗ ਵਿਚ ਉਤਸ਼ਾਹ ਜਾਗਿਆ। ਧਾਰਮਿਕ ਸੰਸਥਾਵਾਂ ਵਲੋਂ ਵੀ ਕੁਝ ਪ੍ਰੋਗਰਾਮ ਉਲੀਕੇ ਗਏ ਅਤੇ ਸਰਕਾਰੀ ਤੌਰ ਤੇ ਵੀ ਆਪਣੇ ਢੰਗ ਮੂਜਬ ਕੁਝ ਵਿਉਂਤ ਇਸ ਪੁਰਬ ਨੂੰ ਮਨਾਉਣ ਦੀ ਬਣਾਈ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਨੂੰ ਵੀ ਸਤਿਗੁਰੂ ਪਾਤਸ਼ਾਹ ਜੀ ਨੇ ਰਹਿਮਤ ਕਰ ਕੇ ਹਜ਼ੂਰ ਦੇ ਚਰਨਾਂ ਵਿਚ ਹਾਜ਼ਰੀ ਲਵਾਉਣ ਦੀ ਪ੍ਰੇਰਨਾ ਬਖਸ਼ੀ ਤੇ ਇਹ ਪ੍ਰੇਰਨਾ ਸਫ਼ਲ ਕਰਾਈ ਕਿ ਮਹੱਲੇ ਨਾਵੇਂ ਦੀ ਸਮਗਰ ਬਾਣੀ ਦੇ ਲਗਮਾਤ੍ਰੀ ਸ਼ੁਧ ਰੂਪ ਦੀ ਖੋਜ ਕੀਤੀ ਜਾਵੇ। ਇਸ ਖੋਜ ਦੀ ਲੋੜ ਕਿਉਂ ਮਹਿਸੂਸ ਹੋਈ? ਇਸ ਸਬੰਧ ਵਿਚ ਪਾਠਕਾਂ ਦੀ ਸੇਵਾ ਵਿਚ ਵੱਖ ਵੱਖ ਬੀੜਾਂ, ਪੋਥੀਆਂ, ਗੁਟਕਿਆਂ ਵਿਚ ਛਪੀ ਮਹੱਲੇ ਨਾਵੇਂ ਦੀ ਬਾਣੀ ਦੇ ਲਗਮਾਤ੍ਰੀ ਫਰਕਾਂ ਦੀ ਸੂਚੀ ਪੇਸ਼ ਕੀਤੀ ਜਾਂਦੀ ਹੈ। (ਦੇਖੋ ਅੰਤਿਕਾ)

ਇਥੇ ਇਹ ਵੀ ਵਰਨਣਯੋਗ ਹੈ ਕਿ ਸ਼ਬਦਾਰਥ ਦੀਆਂ ਵੱਖ ਵੱਖ ਐਡੀਸ਼ਨਾਂ ਵਿਚ ਪਰਸਪਰ ਵੀ ਕਾਫ਼ੀ ਲਗਮਾਤ੍ਰੀ-ਭੇਦ ਹਨ।

ਸੌ ਪੁਰਾਤਨ ਹੱਥ ਲਿਖਤੀ ਬੀੜਾਂ ਦੀ ਸਹਾਇਤਾ ਨਾਲ ਖੋਜ ਅਰੰਭੀ ਗਈ। ਤਕਰੀਬਨ ਦੋ ਮਹੀਨੇ ਲਾ ਕੇ ਦਸ ਆਦਮੀਆਂ ਦੀ ਟੀਮ ਨੇ ਹੇਠ ਲਿਖੀਆਂ ਬੀੜਾਂ ਤੋਂ ਫਰਕ ਵਾਲੇ ਸ਼ਬਦਾਂ ਦੀ ਬਣਤਰ ਬਾਰੇ ਅਗਵਾਈ ਪ੍ਰਾਪਤ ਕੀਤੀ :—

### (ੳ) ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ

| ਬੀੜ ਨੰ: | ਬੀੜ ਨੰ: | ਬੀੜ ਨੰ: | ਬੀੜ ਨੰ: | ਬੀੜ ਨੰ: |
|---|---|---|---|---|
| ੧ | ੯ | ੧੫ | ੫੧੧ | ੬੬੫੩ |
| ੨ | ੯ | ੧੬ | ੫੧੨ | ੬੭੩੫ |
| ੩ | ੧੦ | ੧੭ | ਅਸ਼ਟ ਕੋਨ | ੬੮੮੭ |
| ੪ | ੧੧ | ੧੮ | ਕੋਟਲੀ ਵਾਲੀ | ੭੨੪੨ |
| ੫ | ੧੨ | ੧੯ | ੬੨੮੧ | ੭੨੬੬ |
| ੬ | ੧੩ | ੨੦ | ੬੪੯੯ | ੭੫੩੧ |
| ੭ | ੧੪ | | ੬੬੫੨ | ੭੭੬੭ |



www.AKJ.Org

(ਅ) **ਲਾਇਬਰੇਰੀ ਡਾ: ਗੰਡਾ ਸਿੰਘ ਜੀ ਪਟਿਆਲਾ**—

ਬੀੜ ਸੰਮਤ ੧੭੩੨, ਬੀੜ ਸੰਮਤ ੧੭੫੩, ਬੀੜ ਸੰਮਤ ੧੮੧੧, ਬੀੜ ਸੰਮਤ ੧੮੯੭ ਅਤੇ ਕੁਝ ਬਗੈਰ ਸੰਮਤ ਦੇ ਪੁਰਾਤਨ ਬੀੜਾਂ

(ੲ) **ਨੰਗਲ ਟਾਊਨਸ਼ਿਪ**—ਬੀੜ ਸੰਮਤ ੧੮੮੪ ਜੋ ਸ: ਹਰੀ ਸਿੰਘ ਨਲੂਏ ਦੇ ਖਾਨਦਾਨ ਪਾਸ ਹੈ ।

(ਸ) **ਮੋਤੀ ਮਹਲ, ਪਟਿਆਲਾ**—ਗੁਟਕਾ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਕਰਕੇ ਮੰਨਿਆ ਜਾਂਦਾ ਹੈ ।

(ਹ) **ਦਿੱਲੀ**—ਸ: ਮਹਿਤਾਬ ਸਿੰਘ ਜੀ ਪਾਸੋਂ ਪ੍ਰਾਪਤ ਹੋਈ ਵਲੈਤ ਵਾਲੀ ਬੀੜ ਦੀ ਮਾਈਕਰੋ ਫਿਲਮ ।

(ਕ) **ਅਨੰਦਪੁਰ ਸਾਹਿਬ**—ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਿਸ਼ਾਨ ਵਾਲੀ ਬੀੜ, ਜੋ "ਬੜੀ ਸਰਕਾਰ" ਸੋਢੀ ਸਾਹਿਬਜ਼ਾਦਿਆਂ ਪਾਸ ਹੈ ।

(ਖ) **ਅੰਮ੍ਰਿਤਸਰ**—ਦੋ ਬੀੜਾਂ, ਦਮਦਮੀ ਸਰੂਪ, ਤਖਤ ਸ੍ਰੀ ਦਮਦਮਾ ਸਾਹਿਬ ਦੀਆਂ । ਇਕ ਸੁਨਹਿਰੀ ਬੀੜ ਸ੍ਰੀ ਅਕਾਲ ਤਖਤ ਸਾਹਿਬ ।

ਦਿੱਲੀ ਵਿਚ ਸ: ਮਹਿਤਾਬ ਸਿੰਘ ਜੀ ਗੁਰੂ ਘਰ ਦੇ ਅਤੀਅੰਤ ਸ਼ਰਧਾਲੂ, ਸੁਹਿਰਦ ਅਤੇ ਖੋਜੀ ਸੱਜਣ ਹਨ । ਉਹਨਾਂ ਨੇ ਇੰਡੀਆ ਹਾਊਸ ਦੀ ਲਾਇਬਰੇਰੀ ਵਿਚੋਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਤੋਸ਼ੇਖਾਨੇ ਵਿਚੋਂ ਵਲਾਇਤ ਵਿਚ ਲਿਜਾਈ ਗਈ ਬੀੜ ਦੀ ਮਾਈਕਰੋ-ਫਿਲਮ ਬੜਾ ਪ੍ਰਿਸ਼ਰਮ ਤੇ ਖਰਚ ਕਰਕੇ ਪ੍ਰਾਪਤ ਕੀਤੀ ਹੋਈ ਹੈ । ਉਹਨਾਂ ਨੇ ਉਹ ਮਾਈਕਰੋ ਫਿਲਮ ਬੜੇ ਚਾਅ ਉਤਸ਼ਾਹ ਪੂਰਬਕ ਵਿਖਾਉਣ ਦੀ ਕ੍ਰਿਪਾਲਤਾ ਕੀਤੀ । ਜਿਸ ਨੂੰ ਗਿਆਨੀ ਗੁਰਦਿਤ ਸਿੰਘ ਜੀ ਅਥਵਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਦੇ ਸਹਿਯੋਗ ਦੁਆਰਾ ਰੀਡਰ ਰਾਹੀਂ ਵਾਚਿਆ ਗਿਆ । ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਅਤੇ ਗਿਆਨੀ ਗੁਰਦਿਤ ਸਿੰਘ ਜੀ ਦੀਆਂ ਅਣਥਕ ਕੋਸ਼ਸ਼ਾਂ ਦਾ ਸਦਕਾ ਮਹਾਰਾਜਾ ਪਟਿਆਲਾ ਦੇ ਮੋਤੀ ਮਹਲ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਸਖਤਾਂ ਵਾਲੇ ਗੁਟਕੇ ਦੇ ਦਰਸਨ ਕਰ ਕੇ ਉਸ ਤੋਂ ਵੀ ਹਜ਼ੂਰ ਦੀ ਬਾਣੀ ਦੀ ਲਿਖਤ ਬਾਰੇ ਅਗਵਾਈ ਪ੍ਰਾਪਤ ਕੀਤੀ ਗਈ ।

ਸੋ ਕਾਫੀ ਮਿਹਨਤ ਮਗਰੋਂ ਜੋ ਲਗਮਾਤ੍ਰੀ ਸੁਧ ਲਿਖਤਾਂ ਮਿਲ ਸਕੀਆਂ, ਉਹਨਾਂ ਦੇ ਆਧਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਹੋਏ ਗੁਟਕੇ ਨੂੰ ਸੋਧਿਆ ਗਿਆ ਅਤੇ ਸੋਧਿਆ ਹੋਇਆ ਇਕ ਗੁਟਕਾ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਦਿੱਤਾ ਗਿਆ, ਤਾਂ ਜੁ ਉਹ ਵਿਚਾਰ ਕਰ ਕੇ ਸੁਧ ਬਾਣੀ ਦੀ ਪ੍ਰਕਾਸ਼ਨਾ ਕਰ ਸਕਣ । ਉਸ ਗੁਟਕੇ ਤੋਂ ਪ੍ਰਕਾਸ਼ਨਾ ਕਰਵਾਉਣ ਜਾਂ ਉਸ ਸਬੰਧੀ ਕੋਈ ਵਿਚਾਰ-ਗੋਸ਼ਟੀ ਰੱਖਣ ਸਬੰਧੀ ਕੋਈ ਜਾਣਕਾਰੀ ਅਜੇ ਤਕ ਸ਼੍ਰੋਮਣੀ ਕਮੇਟੀ ਪਾਸੋਂ ਪ੍ਰਾਪਤ ਨਹੀਂ ਹੋਈ ।

ਪਾਠਕਾਂ ਦੀ ਗਿਆਤ ਲਈ ਮਹਲੇ ਨਾਵੇਂ ਦੀ ਸਮਗਰ ਬਾਣੀ ਇਸ ਪਰਚੇ ਵਿਚ ਪ੍ਰਕਾਸ਼ਤ ਕਰਨ ਦਾ ਉਪ੍ਰਾਲਾ 'ਸਿੰਘ ਸਭਾ ਪ੍ਰਤ੍ਰਿਕਾ' ਵਲੋਂ ਕੀਤਾ ਜਾ ਰਿਹਾ ਹੈ । ਗੁਰਬਾਣੀ ਦਾ ਅਸ਼ੁਧ ਰੂਪ ਛਾਪੀ ਜਾਣਾ ਗੁਰਬਾਣੀ ਦੀ ਬੇਅਦਬੀ ਹੈ । ਪਰ ਆਮ ਸਿੱਖ ਜਨਤਾ ਅੰਦਰ ਗੁਰਬਾਣੀ ਪਠਨ ਪਾਠਨ ਅਤੇ ਵਿਚਾਰਨ ਸਬੰਧੀ ਘੋਰ ਅਣਗਹਿਲੀ ਕੰਮ ਕਰ ਰਹੀ ਹੈ, ਜਿਸ ਦੇ ਫਲ-ਸਰੂਪ ਪ੍ਰਾਈਵੇਟ ਛਾਪੇ ਵਾਲਿਆਂ ਨੂੰ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ ਕਿ ਜੋ ਜੀਅ ਆਵੇ ਛਾਪਣ । ਜਦੋਂ ਵੀ ਕੋਈ ਗੁਰਬਾਣੀ ਦੀ ਅਸ਼ੁਧ ਛਪਾਈ ਵਿਰੁੱਧ ਅਵਾਜ਼ ਉਠਾਉਂਦਾ ਹੈ, ਉਸ ਨੂੰ ਇਹ ਕਹਿ ਕੇ ਭੰਡਿਆ ਜਾਂਦਾ ਹੈ ਕਿ ਉਹ ਗੁਰਬਾਣੀ ਤੇ ਕਿੰਤੂ ਕਰਦਾ ਹੈ । ਇਹ ਇਕ ਵੋਂਗ ਰਚਿਆ ਹੋਇਆ ਹੈ ਪ੍ਰਕਾਸ਼ਕਾਂ ਨੇ ਆਪਣੇ ਏਜੰਟਾਂ ਦੀ ਰਾਹੀਂ ।

ਗੁਰਬਾਣੀ ਸੰਪੂਰਨ ਰੱਬੀ ਗਿਆਨ ਹੈ ਅਤੇ ਇਸ ਦੀ ਸੰਪੂਰਨਤਾ ਤੇ ਕਿਸੇ ਨੂੰ ਕਿੰਤੂ ਹੋਣ ਦਾ ਸਵਾਲ ਹੀ ਨਹੀਂ, ਪਰ ਇਸ ਦਾ ਇਹ ਮਤਲਬ ਨਹੀਂ ਕਿ ਹਰ ਕੋਈ ਗਲਤ ਛਪਾਈ ਕਰ ਕੇ ਆਪਣੀ ਅਣਗਹਿਲੀ ਅਤੇ ਗਲਤੀ ਮੰਨਣ ਦੀ ਥਾਵੇਂ ਉਸ ਨੂੰ ਇਸ ਆੜ ਵਿਚ ਲੁਕਾਈ ਚਲਿਆ ਜਾਵੇ, ਉਸ ਨੂੰ ਕੋਈ ਟੋਕੇ ਹੀ ਨਾ । ਗੁਰਬਾਣੀ ਦੀ ਅਸ਼ੁਧ ਛਪਾਈ ਕਰਨ ਵਾਲਾ ਵੀ ਦੋਸ਼ੀ ਹੈ ਤੇ ਅਸ਼ੁਧ ਛਪਾਈ ਗਈ ਬਾਣੀ ਤੋਂ ਪਾਠ ਵੀ ਤਾਂ ਅਸ਼ੁਧ ਹੀ ਹੋਣਾ ਹੈ, ਸੋ ਪੜ੍ਹਨ ਵਾਲਾ ਵੀ ਇਸ ਅਸ਼ੁਧ ਉਚਾਰਨ ਦੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦਾ । ਸੋ ਇਸ ਹੱਕ ਦੀ ਅਵਾਜ਼ ਨੂੰ ਸੁਨਣ ਤੇ ਅਗੋਂ ਸੁਨਾਉਣ ਦਾ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਹੌਂਸਲਾ ਕੀਤਾ ਹੈ । ਆਸ ਹੈ ਗੁਰਬਾਣੀ ਦੇ ਵਿਚਾਰਵਾਨ ਤੇ ਖੋਜੀ ਇਸ ਹੱਕ ਦੀ ਆਵਾਜ਼ ਨੂੰ ਸੁਣ ਕੇ ਇਸ ਮਸਲੇ ਨੂੰ ਸੁਲਝਾਉਣ ਲਈ ਤੱਤਪਰ ਹੋਣਗੇ ।



www.AKJ.Org

# ਅੰਤਕਾ

**ਨੋਟ**—ਅੰਤਕੇ ਵਿਚ ਵਰਤੇ (—) ਚਿੰਨ੍ਹ ਦਾ ਭਾਵ ਹੈ ਕਿ ਇਥੇ ਸ਼ਬਦ ਦੀ ਬਣਤਰ ਛਾਪੇ ਦੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਪ੍ਰਕਾਸ਼ਤ ਬੀੜ ਨਾਲ ਮਿਲਦੀ ਹੈ ।

ਵੱਖ ਵੱਖ ਬੀੜਾਂ/ਸੈਂਚੀਆਂ/ਗੁਟਕਿਆਂ ਵਿਚ ਛਪੀ ਨਾਵੇਂ ਮਹੱਲੇ ਦੀ ਬਾਣੀ ਦੀ ਛਪਾਈ ਦੇ ਅੰਤਰ :—

| ਰਾਗ | ਸ਼ਬਦ ਦਾ ਅੰਕ | ਪਦਾ/ਤੁਕ | ਬੀੜ ਛਾਪਾ (ਸ਼੍ਰੋ:ਗੁ:ਪ੍ਰ:ਕ:) | ਗੁਟਕਾ (ਸ਼੍ਰੋ:ਗੁ:ਪ੍ਰ:ਕ:) | ਸ਼ਬਦਾਰਥ (ਸ਼੍ਰੋ:ਗੁ:ਪ੍ਰ:ਕ:) | ਟੀਕਾ (ਪ੍ਰੋ: ਸਾਹਿਬ ਸਿੰਘ) | ਬੀੜ ਛਾਪਾ (ਦੁਕਾਨਦਾਰ) | ਟੀਕਾ (ਭਾ: ਵੀਰ ਸਿੰਘ) |
|---|---|---|---|---|---|---|---|---|
| ਗਉੜੀ | ੨॥੧॥ | ੧ ਰਹਾਉ/੨ | ਕਾਮੁ/ਕਾਮ | ਕਾਮੁ | ਕਾਮ | — | ਕਾਮ | — |
| | ੨॥੨॥ | ੧ ਰਹਾਉ/੧ | ਰਾਮ | — | ਰਾਮਿ | ਰਾਮਿ | ਰਾਮ | — |
| | ੨॥੨॥ | ੧ ਰਹਾਉ/੨ | ਇਕਿ (ਬਿਨਸੈ) | — | ਇਕੁ | ਇਕੁ | — | — |
| | " | — | ਇਕ (ਅਸਥਿਰੁ) | ਇਕ | ਇਕੁ | ਇਕੁ | — | — |
| | " | ੧/੧ | ਕਾਮ | — | — | — | ਕਾਮੁ | ਕਾਮੁ |
| | | | ਕ੍ਰੋਧ | — | — | — | ਕ੍ਰੋਧੁ | ਕ੍ਰੋਧੁ |
| | ੨॥੩॥ | ੧/੨ | ਇਹ | — | ਇਹੁ | ਇਹੁ | — | — |
| | " | ੨/੧ | ਮੂੜ | — | ਮੂੜ੍ਹ | ਮੂੜ੍ਹ | — | — |
| | " | ੨/੨ | ਮੈ | — | ਮਹਿ | ਮਹਿ | — | — |
| | ੨॥੪॥ | ੧/੧ | ਕਠਨ | — | ਕਠਿਨ | ਕਠਿਨ | — | — |
| | ੨॥੫॥ | ੧/੧ | ਪਤਿਤ | — | ਪਤਿਤ | ਪਤਿਤ | ਪਤਿਤ | ਪਤਿਤ |
| | | | ਬੰਧ | — | — | ਬੰਧੁ | — | — |
| | " | ੧/੨ | ਤ੍ਰਾਸੁ/ਤ੍ਰਾਸ | ਤ੍ਰਾਸ | ਤ੍ਰਾਸੁ | ਤ੍ਰਾਸੁ | ਤ੍ਰਾਸੁ | ਤ੍ਰਾਸ |
| | | ੨/੧ | ਮੋਹ | — | ਮੋਹੁ | ਮੋਹੁ | ਮੋਹ | — |
| | " | ੨/੧ | ਅਭਿਮਾਨੁ | ਅਭਿਮਾਨ | ਅਭਿਮਾਨ | — | — | — |
| | " | ੨/੨ | ਨਾਨਕ | — | ਨਾਨਕੁ | ਨਾਨਕੁ | — | — |
| | " | " | ਕਹਤ | — | ਕਹਤੁ | ਕਹਤੁ | — | — |
| | " | " | ਪੰਥ | — | ਪੰਥੁ | ਪੰਥੁ | — | — |
| | ੨॥੬॥ | ੨/੧ | ਪ੍ਰਭੁ | — | — | — | — | ਪ੍ਰਭ |
| | ੩॥੭॥ | ੧ ਰਹਾਉ/੨ | ਇਹ | — | ਇਹੁ | ਇਹੁ | — | — |
| | " | " | ਗੁਨ | — | ਗੁਨੁ | ਗੁਨੁ | — | — |
| | — | — | ਸਿਮਰੇ | — | ਸਿਮਰੈ | ਸਿਮਰੈ | — | — |
| | — | ੧/੧ | ਬਿਖਅਨ | — | — | ਬਿਖਿਅਨ | — | — |


www.AKJ.Org

| | | | | | | | | |
|---|---|---|---|---|---|---|---|---|
| ਗਉੜੀ | ੩॥੭ | ੧/੨ | ਹਰਖ | — | ਹਰਖੁ | ਙਰਖੁ | — | — |
| | ,, | ,, | ਸੋਗ | — | ਸੋਗੁ | ਸੋਗੁ | — | — |
| | ,, | ,, | ਨਾਹਨਿ | — | ਨਾਹਿਨ | ਨਾਹਿਨ | — | — |
| | ,, | ੨/੧ | ਅੰਮ੍ਰਿਤ | ਅੰਮ੍ਰਿਤੁ | ਅੰਮ੍ਰਿਤੁ | — | — | — |
| | ,, | ,, | ਸਭ | — | ਸਮ | ਸਮ | — | — |
| | ,, | ੩/੧ | ਨਾਹਨਿ | — | ਨਾਹਿਨ | ਨਾਹਿਨ | — | — |
| | ,, | ,, | ਜਾਨਉ | — | ਜਾਨਹੁ | ਜਾਨਹੁ | ਜਾਨਹੁ | ਜਾਨਹੁ |
| | ,, | ੩/੨ | ਤਾਹਿ | ਤਾਹ | ਤਾਹਿ | ਤਾਹਿ | ਤਾਹਿ | — |
| | ,, | ,, | ਮਾਨਉ | — | ਮਾਨਹੁ | ਮਾਨਹੁ | — | — |
| | ੩॥੮॥ | ੧/੨ | ਮੈ | ਮੈਂ | ਮਹਿ | ਮਹਿ | — | — |
| | ,, | ,, | ਨਾਹਨਿ | — | ਨਾਹਿਨ | ਨਾਹਿਨ | — | — |
| | ,, | ,, | ਦੇਖੋ | — | ਦੇਖਹੁ | ਦੇਖਹੁ | — | — |
| | ,, | ,, | ਸੋਚ | — | ਸੋਚਿ | ਸੋਚਿ | — | — |
| | ,, | ੨/੧ | ਰਤਨ | — | ਰਤਨੁ | ਰਤਨੁ | — | — |
| | | ੨/੨ | ਜਿੰਉ | ਜਿਉ | ਜਿਉ | ਜਿਉ | — | ਜਿਉਂ |
| | ੨॥੯॥੨੫੧ | ੧/੨ | ਜਗਤਿ | — | ਜਗਤ | ਜਗਤ | — | — |
| | ,, | ,, | ਮੈ | — | ਮਹਿ | ਮਹਿ | — | — |
| | ,, | ,, | ਸਭ | ਸਭੁ | ਸਭਿ | ਸਭਿ | — | ਸਭ |
| | ,, | ੨/੧ | ਪਾਵੈ | — | ਪਾਵਹਿ | ਪਾਵਹਿ | — | — |
| | ,, | ੨/੨ | ਨਾਨਕ | — | ਨਾਨਕੁ | ਨਾਨਕੁ | — | — |
| | ,, | ੨/੨ | ਕਹਤ | — | ਕਹਤੁ | ਕਹਤੁ | — | — |
| | ਅੰਕ | ,, | ੨॥੯॥੨੫੧ | — | — | — | ੨॥੯॥ | — |
| ਆਸਾ | ੨॥੧॥੩੩ | ੨/੧ | ਜਨਮ | — | ਜਨਮੁ | ਜਨਮੁ | ਜਨਮੁ | ਜਨਮੁ |
| | | ੧/੨ | ਸੁਧ | — | ਸੁਧਿ | ਸੁਧਿ | — | — |
| | | ੧/੧ | ਹੇਤਿ | — | — | — | ਹੇਤ | ਹੇਤ |
| ਦੇਵਗੰਧਾਰੀ | ੨॥੧॥ | ੧/੧ | ਨਹਿ | — | ਨਹ | — | — | — |
| | ,, | ੧/੨ | ਭਰੈ | ਭਰੇ | — | — | — | — |
| | ,, | ੨/੨ | ਨਾਮ | — | ਨਾਮੁ | ਨਾਮੁ | — | — |
| | ੨॥੨॥ | ੧ ਰਹਾਉ/੧ | ਸਭਿ (ਕਿਛੁ) | — | ਸਭ | ਸਭ | — | ਸਭ |
| | ,, | ੧/੧ | ਪ੍ਰੀਤਿ | — | ਪ੍ਰੀਤ | ਪ੍ਰੀਤ | — | — |
| | ,, | ੧/੨ | ਨਹਿ | — | ਨਹ | — | — | — |
| | ,, | ,, | ਘਰਿ | — | ਘਰ | ਘਰ | — | — |
| | ,, | ੨/੨ | ਨਾਮ | — | ਨਾਮੁ | ਨਾਮੁ | — | — |
| | ,, | ,, | ਉਧਾਰ | — | ਉਧਾਰੁ | ਉਧਾਰੁ | — | — |



www.AKJ.Org

| | | | | | | | |
|---|---|---|---|---|---|---|---|
| **ਦੇਵਗੰਧਾਰੀ** ੨॥੩॥੬॥੩੮॥੪੭॥ | | | | | | | |
| " | ਰਹਾਉ/੧ | ਮੈ | — | ਮਹਿ | ਮਹਿ | — | — |
| " | ਰਹਾਉ/੨ | ਸਭ | — | ਸ਼ਭਿ | ਸਭਿ | — | — |
| " | " | ਮੇਰਉ | — | ਮੇਰੋ | ਮੇਰੋ | -- | -- |
| " | ੧/੧ | ਮੇਰਉ | — | ਮੇਹੋ | ਮੇਰੋ | — | — |
| " | ੧/੧ | ਚੀਤ | — | ਚੀਤੁ | ਚੀਤੁ | — | — |
| " | ੧/੨ | ਅੰਤਿ ਕਾਲਿ | — | -- | -- | -- | ਅੰਤਿ ਕਾਲ |
| **ਬਿਹਾਗੜਾ** ੩॥੧॥੨॥ | ੧/੧ | ਖਿਨ | ਛਿਨ | ਛਿਨ | — | — | -- |
| " | ੨/੨ | ਰੂਪੁ | — | ਰੂਪ | ਰੂਪ | — | — |
| | " | ਰਹੈ | — | ਰਹੇ | ਰਹੇ | ਰਹੇ | ਰਹੇ |
| | ੩/੧ | ਸਭ | — | ਸਭੁ | ਸਭੁ | — | — |
| **ਸੋਰਠਿ** ੨॥੧੧॥ | ਰਹਾਉ/੨ | ਗੁਨੁ | — | ਗੁਨ | ਗੁਨ | — | ਇਸ ਤੋਂ ਅਗੇ |
| " | " | ਸੁਨਉ | — | ਸੁਨਹੁ | ਸੁਨਹੁ | — | ਟੀਕਾ ਨਹੀਂ |
| " | " | ਗੀਤਿ | — | ਗੀਤ | ਗੀਤ | — | ਹੋਇਆ । |
| " | ੧/੨ | ਬਿਆਲੁ | — | ਬਿਆਲ | ਬਿਆਲ | — | |
| " | ੨/੧ | ਰਾਖਉ | — | ਰਾਖਹੁ | ਰਾਖਹੁ | — | |
| " | ੨/੨ | ਜਾਤ | — | ਜਾਤੁ | ਜਾਤੁ | ਜਾਤੁ | |
| " | ੨/੨ | ਬੀਤਿ/ਬੀਤ | ਬੀਤਿ | ਬੀਤਿ/ਬੀਤ | ਬੀਤ | ਬੀਤ | |
| ੨॥੨॥ | ੧/੧ | ਸਭ(ਮਹੀ) | — | — | -- | ਸਭੁ | |
| " | ੧/੨ | ਜਾਨਉ | — | ਜਾਨਹੁ | ਜਾਨਹੁ | -- | |
| " | " | ਰਾਮੁ(ਕੋ) | — | ਰਾਮ | ਰਾਮ | -- | |
| " | ੨/੨ | ਨਾਨਕ | — | ਨਾਨਕੁ | ਨਾਨਕੁ | — | |
| " | " | ਕਹਤ | — | ਕਹਤੁ | -- | -- | |
| ੩॥੩॥ | ਰਹਾਉ/੧ | ਕਉਨੁ (ਕੁਮਤਿ) | — | ਕਉਨ | ਕਉਨ | -- | |
| " | ਰਹਾਉ/੨ | ਰਸ | — | ਰਸਿ | ਰਸਿ | — | |
| " | " | ਨਹੀ | — | ਨਹਿ | ਨਹਿ | ਨਹਿ | |
| " | ੧/੧ | ਨਾਹਨਿ | — | ਨਾਹਿਨ | ਨਾਹਿਨ | -- | |
| " | ੧/੨ | ਸੰਗ | — | ਸੰਗੁ | ਸੰਗੁ | ਸੰਗਿ | |
| " | ੨/੧ | ਨ | — | ਨਾ | ਨਾ | ਨਾ | |
| " | ੨/੧ | ਗੁਰ (ਜਨੁ) | — | ਗੁਰੁ | ਗੁਰੁ | -- | |
| " | ੨/੨ | ਘਟਿ (ਹੀ) | — | ਘਟ | ਘਟ | ਘਟ | |
| ੩॥੪॥ | ੧ ਰਹਾਉ/੨ | ਸਿਮਰਤ | — | ਸਿਮਰਨਿ | -- | -- | |
| " | " | ਉਰਧਾਰੋ | — | ਉਰਿਬਾਰੋ | ਉਰਿਧਾਰੋ | — | |
| " | ੧/੧ | ਅਟਲ | — | ਅਟਲੁ | ਅਟਲੁ | — | |
| " | ੨/੧ | ਗਜ | — | ਗਜੁ | ਗਜੁ | — | |



www.AKJ.Org

| | | | | | | |
|---|---|---|---|---|---|---|
| **ਸੋਰਠਿ** ੩॥੪॥ | ੨/੨ | ਮਹਮਾ | -- | ਮਹਿਮਾ | ਮਹਿਮਾ | — |
| " | ੨/੨ | ਰਾਮ | -- | ਰਾਮੁ | ਰਾਮੁ | — |
| " | ੨/੨ | ਬੰਧਨ | -- | ਬੰਧਨੁ | — | — |
| " | ੩/੧ | ਜਾਨੇ | -- | ਜਾਨੈ | ਜਾਨੈ | — |
| " | ੩/੨ | ਨਾਨਕ | -- | ਨਾਨਕੁ | ਨਾਨਕੁ | — |
| " | " | ਕਹਤ | — | ਕਹਤੁ | ਕਹਤੁ | — |
| " | " | ਚੇਤ | | ਚੇਤਿ | ਚੇਤਿ | — |
| ੩॥੫॥ | ੧/੧ | ਕਉਨੁ (ਕਰਮ) | — | ਕਉਨ | ਕਉਨ | — |
| | ੨/੧ | ਕਲ | — | ਕਲਿ | ਕਲਿ | — |
| " | " | ਮੈ | --- | ਮਹਿ | ਮਹਿ | — |
| " | ੨/੨ | ਨਾਹਨਿ | --- | ਨਾਹਿਨ | ਨਾਹਿਨ | — |
| " | ੩/੧ | ਸੁਖੁ ਦੁਖੁ(ਰਹਤ) | — | ਸੁਖ ਦੁਖ | ਸੁਖ ਦੁਖ | — |
| " | ੩/੧ | ਕੋ | ਕਉ | ਕਉ | ਕਉ | — |
| " | ੩/੨ | ਦਰਪਨਿ | — | ਦਰਪਨ | ਦਕਪਨ | — |
| ੨।੬॥ | ਰਹਾਉ/੧ | ਕਿਹਿ | — | ਕਿਹ | ਕਿਹ | — |
| " | ਰਹਾਉ/੨ | ਅਗਿਆਨਿ | -- | ਅਗਿਆਨ | — | — |
| " | " | ਤਿਮਰਿ | --- | ਤਿਮਰ | — | — |
| " | ੧/੧ | ਜਨਮ | — | ਜਨਮੁ | ਜਨਮੁ | — |
| " | ੧/੧ | ਭਰਮ(ਹ | – | ਭ੍ਰਮ | ਭ੍ਰਮ | — |
| " | ੧/੧ | ਭਰਮ | — | ਭ੍ਰਮਿ | ਭ੍ਰਮਿ | — |
| " | ੧/੧ | ਅਸਥਿਰੁ | — | ਅਸਥਿਰ | ਅਸਥਿਰ | — |
| " | ੧/੨ | ਨਿਸ | --- | ਨਿਸਿ | ਨਿਸਿ | — |
| ੩॥੭॥ | ਰਹਾਉ/੨ | ਨਿਸ | --- | ਨਿਸਿ | ਨਿਸਿ | — |
| " | " | ਧਾਵਤ | — | ਧਾਵਤੁ | ਧਾਵਤੁ | — |
| " | " | ਕਿਹਿ | --- | ਕਿਹ | ਕਿਹ | — |
| " | ੧/੧ | ਕੇ | — | ਕੋ | ਕੋ | — |
| " | ੧/੧ | ਮਛ | — | ਮਤੁ | ਮਤੁ | — |
| ੨॥੮॥ | ੧/੧ | ਰਹਤ | --- | ਰਹਿਤ | — | — |
| " | ੧/੨ | ਇਹ | --- | ਏ | ਏਹ | — |
| " | ੨/੧ | ਨਾਹਿਨਿ | --- | ਨਾਹਿਨ | ਨਾਹਿਨ | — |
| " | ੨/੨ | ਕਉ | --- | ਕੋ | ਕੋ | — |
| ੩॥[illegible]॥ | ਰਹਾਉ/੨ | ਸੁਖਿ | --- | — | — | ਸੁਖ |
| — | " | ਮੈ | — | ਮਹਿ | ਮਹਿ | — |

**ਭਾਈ ਜੀਵਨ ਸਿੰਘ ਜੀ ਰਾਗੀ ਦੀ ਸਿਹਤ ਅਤੇ ਚੜ੍ਹਦੀ ਕਲਾ ਲਈ ਥਾਂ ਥਾਂ ਅਰਦਾਸੇ ਕਰੋ ਜੀ। ਸਤਿਗੁਰੂ ਉਨ੍ਹਾਂ ਤੋਂ ਨਾਮ ਬਾਣੀ ਦੀ ਸ਼ੇਵਾ ਲੈਂਦੇ ਰਹਿਣ।**



www.AKJ.Org

| | | | | | | | |
|---|---|---|---|---|---|---|---|
| ਸੋਰਠਿ | ੩॥੯॥ | ੧/੨ | ਨਿਰਧਨ | — | ਨਿਰਧਨੁ | ਨਿਰਧਨੁ | — |
| | " | ੧/੨ | ਸਭ | — | ਸਭਿ | ਸਭਿ | — |
| | " | ੩/੧ | ਸੂਧਉ | — | ਸੂਧੋ | ਸੂਧੋ | — |
| | ੩॥੧੦॥ | ਰਹਾਉ/੧ | ਗੁਰੁ | — | ਗੁਰ | ਗੁਰ | — |
| | " | ਰਹਾਉ/੨ | ਮੂੜੁ | — | ਮੂੰਡੁ | — | ਮੂੰਡ |
| | " | " | ਮੁਡਾਇਓ | — | ਮੁੰਡਾਇਓ | — | — |
| | " | ੧/੧ | ਸਾਚ | — | ਸਾਚੁ | ਸਾਚੁ | — |
| | " | " | ਝੂਠਹ | — | ਝੂਠਹਿ | ਝੂਠਹਿ | — |
| | " | ੧/੨ | ਉਦਰ | — | ਉਦਰੁ | ਉਦਰੁ | — |
| | " | ੩/੧ | ਅਚੇਤ | — | ਅਚੇਤੁ | ਅਚੇਤੁ | — |
| | " | " | ਗੋਬਿੰਦ | — | ਗੋਬਿੰਦੁ | ਗੋਬਿੰਦੁ | — |
| | " | ੩/੨ | ਪਛਾਨਉ | — | ਪਛਾਨਹੁ | ਪਛਾਨਹੁ | — |
| | ੩॥੧੧॥ | ਰਹਾਉ/੧ | ਮੈ | — | ਮਹਿ | ਮਹਿ | — |
| | " | ੧/੨ | ਮਾਨ | — | ਮਾਨੁ | ਮਾਨੁ | — |
| | " | ੨/੨ | ਨਾਹਨਿ | — | ਨਾਹਿਨ | ਨਾਹਿਨ | — |
| | " | ੨/੨ | ਬ੍ਰਹਮੁ | — | ਬ੍ਰਹਮ | ਬ੍ਰਹਮ | — |
| | " | ੩/੧ | ਗੁਰ | — | ਗੁਰਿ | ਗੁਰਿ | — |
| | ੩॥੧੨॥ | ੧/੧ | ਮੈ | — | ਮਹਿ | ਮਹਿ | — |
| | " | ੨/੧ | ਸੰਗ | — | ਸੰਗਿ | ਸੰਗਿ | — |
| | " | " | ਅੰਤ | — | ਅੰਤਿ | ਅੰਤਿ | — |
| ਧਨਾਸਰੀ | ੨॥੧॥ | ਰਹਾਉ/੧ | ਬਨ | — | ਬਨਿ | — | — |
| | | " | ਖੋਜਨ | — | ਖੋਜਨਿ | — | — |
| | | ੧/੧ | ਬਸਤੁ | — | ਬਸਤ | ਬਸਤ | — |
| | | ੧/੨ | ਬਸੇ | — | ਬਸੈ | — | — |
| | | ੨/੧ | ਗੁਰ | — | ਗੁਰਿ | — | — |
| | | ੨/੨ | ਚੀਨੈ | ਚੀਨੈ | ਚੀਨ੍ਹੈ | ਚੀਨ੍ਹੈ | — |
| | ੨॥੨॥ | ਰਹਾਉ/੧ | ਭਰਮ | — | ਭਰਮਿ | ਭਰਮਿ | — |
| | | ੧/੧ | (ਕੈ) ਰਜਿ | — | — | — | ਰਸ |
| | | ੧/੨ | ਮੈ | — | ਮਹਿ | ਮਹਿ | — |
| | ੨॥੩॥ | ਰਹਾਉ/੨ | ਲੋਭ | — | ਲੋਭੁ | — | — |
| | | " | ਮੋਹ | — | ਮੋਹੁ | — | — |
| | " | " | ਘਟਿ (ਮਾਹਿ) | — | ਘਟ | ਘਟ | — |
| | " | ੧/੧ | ਕੰਚਨ | — | ਕੰਚਨੁ | ਕੰਚਨੁ | — |
| | " | " | ਲੋਹ | — | ਲੋਹੁ | ਲੋਹੁ | — |
| | ੨/੧ | " | ਧਾਵਤ | — | ਧਾਵਤੁ | — | — |

ਸ਼ਹੀਦ ਗੁਰਚਰਨ ਸਿੰਘ ਜੀ ਨਮਿਤ ੧੯ ਚੀਮਾ ਪਾਰਕ ਲੁਧਿਆਣਾ ਵਿਖੇ ੧ ਜੂਨ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਹੋਣਗੇ।


www.AKJ.Org

| | | | | | | |
|---|---|---|---|---|---|---|
| ਧਨਾਸਰੀ " | ੨/੧ | ਅਚਲ | — | ਅਚਲੁ | ਅਚਲੁ | — |
| ੨॥੪॥੬੩॥ | ੧/੨ | ਮਨ | — | ਮਨਿ | ਮਨਿ | — |
| | " | ਬਚ | — | ਬੁਚਿ | ਬੁਚਿ | — |
| | " | ਕ੍ਰਮ | — | ਕ੍ਰਮਿ | ਕ੍ਰਮਿ | — |
| " | ੧ ਰਹਾਉ/੨ | ਪਾਰਿ | — | — | — | ਪਾਰ |
| " | ੨/੨ | ਪਛਾਨਉ | — | ਪਛਾਨਹੁ | ਪਛਾਨਹੁ | — |
| | " | ਪਤਤ | — | ਪਤਿਤੁ | ਪਤਿਤ | ਪਤਿਤ |
| ਜੈਤਸਰੀ ੨॥੧॥ | ਰਹਾਉ/੨ | ਲਾਲਚ | — | ਲਾਲਚਿ | ਲਾਲਚਿ | — |
| " | ੧/੧ | ਰਸ | — | ਰਸਿ | ਰਸਿ | — |
| ੩॥੨॥ | ਰਹਾਉ/੨ | ਤ੍ਰਾਸ | — | ਤ੍ਰਾਸੁ | ਤ੍ਰਾਸੁ | — |
| " | " | ਸਰਨਿ | — | — | ਸਰਨ | ਸਰਨ |
| " | ੧/੨ | ਨਾਹਨਿ | ਨਾਹਨ | ਨਾਹਿਨ | ਨਾਹਿਨ | — |
| " | ੨/੧ | ਦਹਦਿਸਿ | — | ਦਹਦਿਸ | — | — |
| " | ੩/੨ | ਨਾਨਕ | — | ਨਾਨਕੁ | — | — |
| ੨॥੩ | ੨/੧ | ਨਾਮ | — | ਨਾਮੁ | ਨਾਮੁ | ਨਾਮੁ |
| " | ੩/੧ | ਮੈ | — | ਮਹਿ | ਮਹਿ | — |
| " | ੩/੧ | ਨਾਨਕ | — | ਨਾਨਕੁ | ਨਾਨਕੁ | — |
| ਟੋਡੀ ੨॥੧॥੩੧ | ਰਹਾਉ/੨ | ਕਨਕ | — | ਕਨਿਕ | — | — |
| " | ੧/੧ | ਰੁਚ | — | ਰੁਚਿ | ਰੁਚਿ | — |
| " | ੧/੨ | ਦੀਨ ਬੰਧ | — | ਦੀਨ ਬੰਧੁ | ਦੀਨ ਬੰਧੁ | — |
| " | ੨/੧ | ਮੈ | — | ਮਹਿ | ਮਹਿ | — |
| " | ੨/੧ | ਨਿਸ | — | ਨਿਸਿ | ਨਿਸਿ | — |
| " | ੨/੧ | ਦਿਨਿ | — | ਦਿਨੁ | ਦਿਨੁ | — |
| " | ੨/੨ | ਅਬ | — | — | — | ਅਬਿ |
| ਤਿਲੰਗ ੨॥੧॥ | ਰਹਾਉ/੧ | ਦਿਨਿ | — | ਦਿਨ | ਦਿਨ | — |
| " | ਰਹਾਉ/੧ | ਮੈ | — | ਮਹਿ | ਮਹਿ | — |
| " | ੨/੧ | ਜੋ | — | ਜਉ | ਜਉ | — |
| ੨॥੨॥ | ੧॥ਰਹਾਉ/੧ | ਜਾਗਿ (ਦੋ ਵਾਰੀ | ਜਾਗ | — | — | — |
| | ੧॥ਰਹਾਉ/੨ | ਸੰਗ (ਨ ਹੋਇਆ) | — | ਸੰਗਿ | ਸੰਗਿ | — |
| | ੧/੨ | ਛੁਟਿਓ | ਛੁਟਿਓ | — | — | — |
| | | ਮੈ | — | ਮਹਿ | ਮਹਿ | — |
| | ੧/੨ | ਜਬ | — | ਜਬਿ | ਜਬਿ | — |
| | ੧/੨ | ਸਭ | — | ਸਭੁ | ਸਭੁ | — |
| ੩॥੩॥ | ੩/੧ | ਗੁਰ | — | ਗੁਰਿ | ਗੁਰਿ | — |
| | ੩/੧ | ਕਹਤ | — | ਕਹਤੁ | — | — |
| | ੧॥ਰਹਾਉ/੨ | ਮਾਨਿ/ਮਾਨ | ਮਾਨ | — | — | — |



www.AKJ.Org

| | | | | | | | |
|---|---|---|---|---|---|---|---|
| **ਬਿਲਾਵਲ** | ੨॥੧॥ | ਰਹਾਉ/੨ | ਗਨਕਾ | — | ਗਨਿਕਾ | ਗਨਿਕਾ | — |
| | | ,, | ਮੁਕਤਿ | — | ਮੁਕਤ | ਮੁਕਤ | — |
| | ੨॥੨॥ | ਰਹਾਉ | ਗੁਰ | — | ਗੁਰੁ | ਗੁਰੁ | — |
| | ,, | ,, | ਇਹ | — | ਇਹੁ | — | — |
| | ,, | ੨/੧ | ਦੋਨੌ | ਦੋਨੌ | ਦੋਨੋ | ਦੋਨੌ | ਦੋਨੋ |
| | ,, | ੨/੨ | ਇਹ | — | — | — | ਇਹਿ |
| | ੩॥੩॥ | ਰਹਾਉ/੧ | ਮੈ | — | ਮਹਿ | ਮਹਿ | — |
| | ,, | ਰਹਾਉ/੨ | ਨਰ | — | ਨਰਿ | — | — |
| | ,, | ,, | ਅਕਾਰਥ | — | ਅਕਾਰਥੁ | ਅਕਾਰਥੁ | — |
| | ,, | ੧/੨ | ਧਰਮ | — | ਧਰਮੁ | ਧਰਮੁ | — |
| | ,, | ੧/੨ | ਮਾਨੌ | — | ਮਾਨਹੁ | ਮਾਨਹੁ | — |
| | ,, | ੨/੧ | ਪਾਹਨਿ | — | ਪਾਹਨੁ | ਪਾਹਨੁ | — |
| | ,, | ੨/੧ | ਤਿਹਿ | — | ਤਿਹ | ਤਿਹ | — |
| | ,, | ੨/੨ | ਪਛਾਨੌ | — | ਪਛਾਨਹੁ | ਪਛਾਨਹੁ | — |
| | ,, | ੩/੧ | ਕਲ | — | ਕਲਿ | ਕਲਿ | — |
| | ,, | ,, | ਮੈ | — | ਮਹਿ | ਮਹਿ | — |
| | ,, | ,, | ਗੁਰ | — | ਗੁਰੁ | ਗੁਰੁ | — |
| **ਰਾਮਕਲੀ** | ੩॥੧॥ | ਰਹਾਉ/੧ | ਓਟ | — | ਓਟਿ | — | ਓਟਿ |
| | ,, | ੧/੧ | ਜਾਨਉ | — | ਜਾਨਹੁ | ਜਾਨਹੁ | — |
| | ,, | ੨/੧ | ਅਜਾਮਲੁ | — | ਅਜਾਮਲ | — | — |
| | ,, | ,, | ਮੈ | — | ਮਹਿ | ਮਹਿ | — |
| | ,, | ,, | ਨਾਰਾਇਨ | — | ਨਾਰਾਇਣ | — | — |
| | ,, | ੩/੧ | ਨਾਹਨ | — | ਨਾਹਿਨ | ਨਾਹਿਨ | — |
| | ,, | ,, | ਨਾਹਨਿ | — | ਨਾਹਿਨ | ਨਾਹਿਨ | — |
| | ,, | ੩/੨ | ਦੇਖੋ | — | ਦੇਖਹੁ | ਦੇਖਹੁ | — |
| | ,, | ,, | ਤਿਹਿ | — | ਤਿਹ | ਤਿਹ | — |
| | ੩॥੨॥ | ਰਹਾਉ/੧ | ਕਉਨੁ | — | ਕਉਨ | ਕਉਨ | — |
| | ,, | ਰਹਾਉ/੧ | ਅਬ | — | ਅਬਿ | ਅਬਿ | ਅਬਿ |
| | ,, | ੧/੧ | ਮੈ | — | ਮਹਿ | ਮਹਿ | — |
| | ,, | ੧/੨ | ਜਗ | — | ਜਗੁ | ਜਗੁ | — |
| | ,, | ੩/੧ | (ਰਾਮ) ਨਾਮ | — | ਨਾਮੁ | ਨਾਮੁ | — |
| | ,, | ,, | ਨਰ | — | ਨਰੁ | ਨਰੁ | — |
| | ,, | ,, | ਮੈ | — | ਮਹਿ | ਮਹਿ | — |
| | ,, | ,, | ਉਰਧਾਰ | — | ਉਰਿਧਾਰੈ | ਉਰਿਧਾਰੈ | — |
| | ੩॥੩॥੮੧॥ | ਰਹਾਉ/੧ | ਨਾਰਾਇਨਿ | — | ਨਾਰਾਇਣ | ਨਾਰਾਇਨ | — |
| | ,, | ,, | ਲੇਹ | — | ਲੇਹਿ | ਲੇਹਿ | — |
| | ,, | ਰਹਾਉ/੨ | ਨਿਸ | — | ਨਿਸਿ | ਨਿਸਿ | — |
| | ,, | ,, | ਬ੍ਰਿਥਾ | — | ਬਿਰਥਾ | — | — |



www.AKJ.Org

| | | | | | | | |
|---|---|---|---|---|---|---|---|
| | ੩॥੩॥ ੮੧॥ | ੧/੧ | ਤਰਨਾਪੋ | — | ਤਰੁਨਾਪੋ | ਤਰੁਨਾਪੋ | — |
| | ,, | ੧/੨ | ਬਿਰਧ | — | ਬਿਰਧਿ | ਬਿਰਧਿ | — |
| | ,, | ,, | ਕਉਨੁ | — | ਕਉਨ | — | — |
| | ,, | ੨/੧ | ਠਾਕੁਰ | — | ਠਾਕੁਰਿ | ਠਾਕੁਰਿ | — |
| | ,, | ੨/੨ | ਮੁਕਤਿ | — | ਮੁਕਤੁ | — | — |
| | ,, | ,, | ਕੋ | — | ਕਉ | ਕਉ | — |
| | ,, | ੩/੨ | ਨਾਨਕ | — | ਨਾਨਕੁ | ਨਾਨਕੁ | — |
| | ,, | ,, | ਕਹਤ | — | ਕਹਤੁ | — | — |
| | ੩॥੩॥੮੧॥ | | — | — | — | — | ੩॥੩॥ |
| ਮਾਰੂ | ੨॥੧॥ | ਰਹਾਉ/੨ | ਗਨਕਾ | — | ਗਨਿਕਾ | ਗਨਿਕਾ | — |
| | ,, | ੧/੧ | ਮੈ | — | ਮਹਿ | ਮਹਿ | — |
| | ,, | ੧/੨ | ਦੂਖ | — | ਦੂਖੁ | ਦੂਖੁ | ਦੂਖੁ |
| | ,, | ,, | ਕਰੁਨਾਮੈ | — | ਕਰੁਣਾਮੈ | ਕਰੁਣਾਮੈ | ਕਰੁਣਾਮੈ |
| | ,, | ੨/੨ | ਆਨ | — | ਆਨਿ | ਆਨਿ | — |
| | ੨॥੨॥ | ਰਹਾਉ/੨ | ਬਿਖਿਅਨਿ | — | ਬਿਖਿਅਨ | ਬਿਖਿਅਨ | ਬਿਖਿਅਨ |
| | ,, | ੧/੧ | ਮੈ | — | ਮਹਿ | ਮਹਿ | — |
| | ,, | ੧/੨ | ਮੈ | — | ਮਹਿ | ਮਹਿ | — |
| | ,, | ੨/੧ | ਛਿਨ | — | ਖਿਨ | — | — |
| | ,, | ,, | ਮੈ | — | ਮਹਿ | ਮਹਿ | — |
| | ,, | ੨/੨ | ਕਬਹੂ | — | ਕਬਹੁ | — | — |
| | ੨॥੩॥ | ਰਹਾਉ/੧ | ਕੋ | — | ਕਾ | — | --- |
| | ,, | ਰਹਾਉ/੨ | ਭਜਨਿ | --- | ਭਜਨ | ਭਜਨ | ਭਜਨ |
| | ,, | ,, | ਨਹੀ | — | ਨਹ | — | — |
| | ,, | ੧/੧ | ਤੈ | — | ਤੇ | ਤੇ | — |
| | ,, | ,, | ਉਪਰਿ | ਊਪਰਿ | — | — | — |
| | ,, | ੧/੨ | ਨਾਹਿਨ | — | — | — | ਨਾਹਨਿ |
| | ,, | ੨/੧ | ਮੈ | — | ਮਹਿ | ਮਹਿ | — |
| | ,, | ੨/੨ | ਸੁਫਲੁ | — | ਸਫਲੁ | ਸਫਲੁ | — |
| | ,, | ,, | ਜੋ | — | ਜਉ | ਜਉ | — |
| | ,, | ,, | ਮੈ | — | ਮਹਿ | ਮਹਿ | — |
| ਬਸੰਤ | ੨॥੧॥ | ਰਹਾਉ/੧ | ਇਹ | — | ਇਹੁ | ਇਹੁ | — |
| | ,, | ,, | ਜਾਨਉ | — | ਜਾਨੋ | ਜਾਨੋ | — |
| | ,, | ਰਹਾਉ/੨ | ਰਾਮ | — | ਰਾਮੁ | ਰਾਮੁ | — |
| | ,, | ੨/੧ | ਪਰਹਰ | — | ਪਰਹਰਿ | ਪਰਹਰਿ | — |
| | ,, | ,, | ਉਰ | — | ਉਰਿ | ਉਰਿ | -- |
| | ,, | ੨/੧ | ਮੈ | — | ਮਹਿ | ਮਹਿ | — |
| | ,, | ੨/੨ | ਪੂਰਨ | — | ਪੂਰਨੁ | ਪੂਰਨੁ | — |
| | ,, | ,, | ਏਕ | — | ਏਕੁ | ਏਕੁ | — |
| | ,, | ,, | ਪੁਰਖ | — | ਪੁਰਖੁ | ਪੁਰਖੁ | -- |



www.AKJ.Org

| | | | | | | | |
|---|---|---|---|---|---|---|---|
| | ੩॥੨॥ | ਰਹਾਉ/੧ | ਮੈ | — | ਮਹਿ | ਮਹਿ | — |
| | ” | ੨/੧ | ਜਿਹਿ | — | ਜਿਹ | — | — |
| | ” | ” | ਜਿਹਿ | — | ਜਿਹ | — | — |
| | ” | ੨/੨ | ਤੇ | — | ਸੇ | — | — |
| | ੩॥੩॥ | ੧/੨ | ਏਹ | — | ਏ | ਏਹ | — |
| | ” | ” | ਸਾਕੈ | — | ਸਾਕਹਿ | ਸਾਕਹਿ | — |
| | ੩॥੪॥ | ੨/੨ | ਸਮਝ | — | ਸਮਝਿ | ਸਮਝਿ | — |
| | ੩॥੫॥ | ਰਹਾਉ/੧ | ਝੂਠੇ | — | ਝੂਠੈ | ਝੂਠੈ | — |
| | ” | ” | ਲੋਭ | — | ਲੋਭਿ | ਲੋਭਿ | — |
| | ” | ” | ਲਾਗ | — | ਲਾਗਿ | ਲਾਗਿ | — |
| | ” | ਰਹਾਉ/੨ | ਜਾਗ | — | ਜਾਗੁ | ਜਾਗੁ | — |
| | ” | ” | ਨਾਹਨਿ | — | ਨਾਹਿਨ | ਨਾਹਿਨ | — |
| | ” | ੧/੧ | ਸੁਪਨੈ | — | ਸੁਪਨੇ | — | — |
| | ” | ੧/੨ | ਮੈ | — | ਮਹਿ | ਮਹਿ | — |
| | ” | ੨/੨ | ਨਿਸ | — | ਨਿਸਿ | ਨਿਸਿ | — |
| ਸ਼ਾਰੰਗ | ੨॥੧॥ | ੨/੧ | ਰੁਚ | — | ਰੁਚਿ | — | — |
| | ” | ੨/੨ | ਨਾਨਕ | — | ਨਾਨਕੁ | — | — |
| | | | ਕਹਤ | — | ਕਹਤੁ | — | — |
| | | | ਜਗਤ | — | ਜਗਤੁ | — | — |
| | | | ਸਭ | — | ਸਭੁ | — | — |
| ਸਾਰੰਗ | ੨॥੨॥ | ਰਹਾਉ/੨ | ਮੈ | — | ਮਹਿ | ਮਹਿ | — |
| | | ” | ਇਕ | — | ਇਕਿ | ਇਕਿ | — |
| | | ” | ਇਕ | — | ਇਕਿ | ਇਕਿ | — |
| | | ੨/੨ | ਸੁਪਨੇ | — | ਸੁਪਨੈ | ਸੁਪਨੈ | ਸੁਪਨੈ |
| | ੨॥੩॥ | ੨/੨ | ਜਗ | — | ਜਨੁ | ਜਨੁ | — |
| | ੨॥੪...੧੫੯ | ਰਹਾਉ/੧ | ਕਰਿ | — | — | — | ਕਰ |
| | | ਰਹਾਉ/੨ | (ਬਿਖਿਆ)ਸਕਤਿ | — | ਸਕਤ | ਸਕਤ | — |
| | | ੧/੨ | (ਪਰ) ਨਿੰਦਿਆ | — | ਨਿੰਦਾ | ਨਿੰਦਾ | ਨਿੰਦਾ |
| | | ੨/੨ | ਸਭ | — | ਸਭਿ | — | — |
| | | ੨/੨ | ਮੈ | — | ਮਹਿ | ਮਹਿ | — |
| ਜਜ਼ਾਵੰਤੀ | ੨॥੧॥ | ਰਹਾਉ/੧ | ਰਾਮ | — | ਰਾਮੁ | ਰਾਮੁ | — |
| | | — | ਸਿਮਰ | — | ਸਿਮਰਿ | ਸਿਮਰਿ | — |
| | | — | ਰਾਮ | — | ਰਾਮੁ | ਰਾਮੁ | — |
| | | — | ਸਿਮਰ | — | ਸਿਮਰਿ | ਸਿਮਰਿ | — |
| | | ਰਹਾਉ/੨ | ਤਿਆਗਿ | — | ਤਿਆਗੁ | ਤਿਆਗੁ | — |
| | | ” | ਲਾਗ | — | ਲਾਗੁ | ਲਾਗੁ | — |
| | | ੧/੧ | 'ਪਛਾਨੁ' ਦੇ ਮਗਰੋਂ ਬਿਸ੍ਰਾਮ ਹੈ | — | — | ਬਿਸ੍ਰਾਮ ਨਹੀਂ ਹੈ | ਬਿਸ੍ਰਾਮ ਨਹੀਂ ਹੈ |



www.AKJ.Org

| | | | | | | |
|---|---|---|---|---|---|---|
| ੨॥੧॥ | **ਜੈਜੈਵੰਤੀ** ੧/੧ | ਪਰ | — | ਪਰਿ | ਪਰਿ | — |
| | ੨/੧ | ਨਾਨਕ ਜਨ | — | ਨਾਨਕੁ ਜਨੁ | ਨਾਨਕੁ ਜਨੁ | — |
| | ੨/੧ | ਕਹਤ | — | ਕਹਤੁ | — | — |
| | ੨/੧ | ਗਾਤ | — | ਗਾਤੁ | ਗਾਤੁ | — |
| ੨॥੨॥ | ਰਹਾਉ/੧ | ਰਾਮ | — | ਰਾਮੁ | ਰਾਮੁ | — |
| | — | ਰਾਮ | — | ਰਾਮੁ | ਰਾਮੁ | — |
| | ਰਹਾਉ/੩ | ਗਾਤ | — | ਗਾਤੁ | ਗਾਤੁ | ਗਾਤੁ |
| | ੧/੧ | ਦੇਹ | — | ਦੇਹਿ | ਦੇਹਿ | — |
| | ,, | ਲੇਹ | — | ਲੇਹਿ | ਲੇਹਿ | — |
| | ੧/੨ | ਤੇਰੇ | — | ਤੇਰੈ | ਤੇਰੈ | — |
| | ,, | ਏਕ | — | ਏਕੁ | ਏਕੁ | — |
| | ੨/੧ | ਬਿਖ | — | ਬਿਖੁ | ਬਿਖੁ | — |
| | | ਕੋ | — | ਕੌ | ਕੌ | ਕੌ |
| | | ਧਾਰ | — | ਧਾਰਿ | ਧਾਰਿ | — |
| | ੨/੨ | ਪੁਕਾਰ | — | ਪੁਕਾਰਿ | ਪੁਕਾਰਿ | — |
| | ਰਹਾਉ/੨ | ਮੈ | — | ਮਹਿ | ਮਹਿ | — |
| | ,, | ਸੋ ਤਉ | — | ਤਾ ਕਉ | — | — |
| | ,, | ਕਾਨ | — | ਕਾਨਿ | ਕਾਨਿ | — |
| | ,, | ਲੁਭਾਨਿ | ਲੁਭਾਨ | ਲੁਭਾਨਿ | ਲੁਭਾਨਿ | — |
| | ੧/੨ | ਲੀਨ | — | ਲੀਨੁ | ਲੀਨੁ | — |
| | | ਕੀਨ | — | ਕੀਨੁ | ਕੀਨੁ | — |
| | ੧/੨ | ਦੀਨ | — | ਦੀਨੁ | — | — |
| | ੨/੨ | ਜਗੁ | — | ਜਗ | ਜਗ | — |
| | ,, | ਪਸਾਰਿ | — | ਪਸਾਰੁ | ਪਸਾਰੁ | — |
| | ,, | ਨਹਿ | — | ਨਹ | ਨਹ | ਨਹ |
| ੨॥੪॥ | ਰਹਾਉ/੧ | ਅਕਾਜ | — | ਅਕਾਜੁ | ਅਕਾਜੁ | — |
| | ਰਹਾਉ/੨ | ਨਿਸ | — | ਨਿਸਿ | ਨਿਸਿ | — |
| | — | ਦਿਨ | — | ਦਿਨੁ | ਦਿਨੁ | — |
| | -- | ਸੁਨ | — | ਸੁਨਿ | ਸੁਨਿ | ਸੁਨਿ |
| | — | ਸਮਝਤ | — | ਸਮਝਿਓ | — | — |
| | ਰਹਾਉ/੩ | ਕਾਲ | — | ਕਾਲੁ | ਕਾਲੁ | — |
| | ੧/੧ | ਤੇਰਉ | ਤੇਰਉ | ਤੇਰੋ | ਤੇਰੋ | — |
| | ੧/੨ | ਲੇਹ | — | ਲੇਹਿ | ਲੇਹਿ | — |
| | ੨/੨ | ਇਹ | — | ਇਹੈ | ਇਹੈ | — |
| | ,, | ਬਖਾਨ | — | ਬਖਾਨਿ | ਬਖਾਨਿ | — |
| | ,, | ਮੈ | — | ਮਹਿ | ਮਹਿ | — |



www.AKJ.Org

| | | | | | | | |
|---|---|---|---|---|---|---|---|
| ਸਲੋਕ ਮਃ ੯ | ੧ | ੨ | ਮੀਨ | — | ਮੀਨੁ | ਮੀਨੁ | — |
| | ੨ | ੧ | ਉਦਾਸ | — | ਉਦਾਸੁ | ਉਦਾਸੁ | — |
| | ੨ | ੨ | ਪਰੈ | — | ਪਰਹਿ | — | — |
| | ੩ | ੨ | ਭਜ | — | ਭਜੁ | ਭਜੁ | — |
| | ੩ | ੨ | ਜਾਤੁ | — | ਜਾਤ | ਜਾਤ | — |
| | ੪ | ੧ | ਬਿਰਧਿ | — | — | — | ਬਿਰਧਿ |
| | ੪ | ੧ | ਆਨ | — | ਆਨਿ | ਆਨਿ | — |
| | ੪ | ੨ | ਭਜੈ | — | ਭਜਹਿ | ਭਜਹਿ | — |
| | ੪ | ੨ | ਭਗਵਾਨ | — | ਭਗਵਾਨੁ | ਭਗੁਵਾਨੁ | — |
| | ੫ | ੧ | ਧਨ | — | ਧਨੁ | ਧਨੁ | ਧਨੁ |
| | ੫ | ੧ | ਜਿਨਿ | — | ਜਿਨ | — | — |
| | ੫ | ੨ | ਮੈ | — | ਮਹਿ | ਮਹਿ | — |
| | ੬ | ੨ | ਬਸਤੁ | — | ਬਸਤ | — | — |
| | ੬ | ੨ | ਸਾਥ | — | ਸਾਥਿ | ਸਾਥਿ | — |
| | ੭ | ੧ | ਤਾ | — | ਤਾਂ | ਤਾਂ | ਤਾਂ |
| | ੭ | ੧ | ਸੁਖ | — | ਸੁਖੁ | — | — |
| | ੮ | ੨ | ਰਾਮ | — | ਰਾਮੁ | ਰਾਮੁ | — |
| | ੯ | ੧ | ਦੂਸਰ | — | — | ਦੂਸਰੁ | — |
| | ੯ | ੨ | ਤਿਹਿ | — | ਤਿਹ | ਤਿਹ | — |
| | ੧੦ | ੨ | ਸੁਨ | — | ਸੁਨੁ | ਸੁਨੁ | — |
| | ੧੧ | ੨ | ਮੈ | — | ਮਹਿ | ਮਹਿ | — |
| | ੧੧ | ੨ | ਮਾਨ | — | ਮਾਨਿ | ਮਾਨਿ | — |
| | ੧੨ | ੧ | ਘਟਿ | — | ਘਟ | ਘਟ | — |
| | ੧੨ | ੧ | ਘਟਿ | — | ਘਟ | ਘਟ | — |
| | ੧੨ | ੧ | ਮੈ | — | ਮਹਿ | ਮਹਿ | — |
| | ੧੩ | ੧ | ਲੋਭ | — | ਲੋਭੁ | ਲੋਭੁ | — |
| | ੧੩ | ੧ | ਮੋਹ | — | ਮੋਹੁ | ਮੋਹੁ | — |
| | ੧੩ | ੨ | ਸੁਨ | — | ਸੁਨੁ | ਸੁਨੁ | — |
| | ੧੩ | ੨ | ਮੂਰਤਿ | — | — | — | ਮੂਰਤ |
| | ੧੪ | ੧ | ਜਿਹਿ | — | ਜਿਹ | ਜਿਹ | — |
| | ੧੪ | ੨ | ਸੁਨੁ | — | ਸੁਨੁ | ਸੁਨਿ | ਸੁਨਿ |
| | ੧੪ | ੨ | ਜਾਨ | — | ਜਾਨਿ | — | — |
| | ੧੫ | ੧ | ਹੁਰਖ | — | ਹਰਖੁ | ਹਰਖੁ | — |



www.AKJ.Org

| | | | | | | | |
|---|---|---|---|---|---|---|---|
| ਸਲੋਕ ਮਃ ੯ | ੧੫ | ੨ | ਸੁਨਿ | — | ਸੁਨੁ | — | — |
| | ੧੫ | ੧ | ਸੋਗ | — | ਸੋਗੁ | ਸੋਗੁ | — |
| | ੧੫ | ੧ | ਸਮਾਨ | — | ਸਮਾਨਿ | ਸਮਾਨਿ | — |
| | ੧੭ | ੨ | ਭਾਗ | — | ਭਾਗੁ | ਭਾਗੁ | — |
| | ੧੬ | ੧ | ਆਨਿ | — | ਆਨ | ਆਨ | — |
| | ੧੮ | ੧ | ਉਦਾਸ | — | ਉਦਾਸੁ | ਉਦਾਸੁ | — |
| | ੧੬ | ੨ | ਸੁਨ | — | ਸੁਨੁ | ਸੁਨਿ | — |
| | ੧੮ | ੨ | ਸੁਨ | — | ਸੁਨੁ | ਸੁਨੁ | — |
| | ੧੭ | ੨ | ਸੁਨ | — | ਸੁਨੁ | ਸੁਨੁ | — |
| | ੧੮ | ੨ | ਤਿਹਿ | — | ਤਿਹ | ਤਿਹ | ਤਿਹ |
| | ੧੯ | ੧ | ਰਾਮ | — | ਰਾਮੁ | ਰਾਮੁ | — |
| | ੧੯ | ੧ | ਪਛਾਨ | — | ਪਛਾਨਿ | ਪਛਾਨਿ | — |
| | ੧੯ | ੨ | ਮੁਕਤਿ | — | ਮੁਕਤ | ਮੁਕਤ | — |
| | ੨੦ | ੧ | ਮੈ | — | ਮਹਿ | ਮਹਿ | — |
| | ੨੦ | ੧ | ਨਾਮ | — | ਨਾਮੁ | ਨਾਮੁ | — |
| | ੨੦ | ੨ | ਨਿਸ | — | ਨਿਸਿ | ਨਿਸਿ | — |
| | ੨੦ | ੨ | ਦਿਨ | — | ਦਿਨੁ | ਦਿਨੁ | — |
| | ੨੧ | ੧ | (ਹਰਿ) ਨਾਮ | — | ਨਾਮੁ | ਨਾਮੁ | — |
| | ੨੧ | ੨ | ਸੁਨ | — | ਸੁਨਿ | ਸੁਨਿ | — |
| | ੨੩ | | ਮੈ | — | ਮਹਿ | ਮਹਿ | — |
| | ੨੪ | ੧ | ਨਿਸ | — | ਨਿਸਿ | ਨਿਸ | ਨਿਸਿ |
| | ੨੪ | ੧ | ਦਿਨ | — | ਦਿਨੁ | ਦਿਨੁ | ਦਿਨਿ |
| | ੨੪ | ੨ | ਮੈ | — | ਮਹਿ | ਮਹਿ | — |
| | ੨੪ | ੨ | ਨਾਰਾਇਨ | — | ਨਾਰਾਇਣੁ | ਨਾਰਾਇਣੁ | — |
| | ੨੪ | ੨ | ਚੀਤ | — | ਚੀਤਿ | ਚੀਤਿ | ਚੀਤਿ |
| | ੨੫ | ੨ | ਸੁਨ | — | ਸੁਨਿ | ਸੁਨਿ | — |
| | ੨੬ | ੧ | ਮਦਿ | — | — | — | ਮਦ |
| | ੨੬ | ੧ | ਅੰਧ | — | ਅੰਧੁ | ਅੰਧ | — |
| | ੨੭ | ੨ | ਸੁਨ | — | ਸੁਨਿ | ਸੁਨਿ | — |
| | ੨੮ | ੨ | ਭਜਨਿ | — | ਭਜਨ | ਭਜਨ | — |
| | ੨੯ | ੧ | (ਨਿਸਿ) ਦਿਨਿ | — | ਦਿਨੁ | ਦਿਨੁ | — |
| | ੨੯ | ੧ | ਭਜੇ | — | ਭਜੈ | ਭਜੈ | — |
| | ੨੯ | ੨ | ਹਰਿ (ਜਨਿ) | — | ਜਨ | ਜਨ | ਜਨ |



www.AKJ.Org

| | | | | | | | |
|---|---|---|---|---|---|---|---|
| ਸਲੋਕ ਮ: ੯ | ੩੦ | ੧ | ਮੈ | | ਮਹਿ | ਮਹਿ | — |
| | ੩੦ | ੧ | ਨਾਮ | — | ਨਾਮੁ | ਨਾਮੁ | — |
| | ੩੧ | ੧ | ਰਾਮ | — | ਰਾਮੁ | ਰਾਮੁ | — |
| | ੩੧ | ੧ | ਮਦ | — | ਮਦਿ | ਮਦਿ | ਮਦਿ |
| | ੩੧ | ੧ | ਅੰਧ | -- | ਅੰਧੁ | ਅੰਧੁ | — |
| | ੩੨ | ੧ | ਮੈ | — | ਮਹਿ | ਮਹਿ | — |
| | ੩੪ | ੨ | ਨਾਨਕ | — | ਨਾਨਕੁ | — | — |
| | ੩੫ | ੧ | ਭਗਵਾਨ | — | — | — | ਭਗਵਾਨਿ |
| | ੩੫ | ੧ | ਬਿਰਧ | — | ਬਿਰਧਿ | ਬਿਰਧਿ | — |
| | ੩੭ | ੨ | ਨਾਹਿਨਿ | ਨਾਹਿਨ | ਨਾਹਿਨ | ਨਾਹਿਨ | — |
| | ੩੭ | ੨ | ਭੀਤ | — | ਭੀਤਿ | ਭੀਤਿ | — |
| | ੩੯ | ੨ | ਸੁਨ | — | ਸੁਨਿ | ਸੁਨਿ | — |
| | ੪੦ | ੧ | ਰਾਮ | — | ਰਾਮੁ | ਰਾਮੁ | — |
| | ੪੧ | ੧ | ਜਾਨ | — | ਜਾਨਿ | ਜਾਨਿ | — |
| | ੪੧ | ੨ | ਮੈ | — | ਮਹਿ | ਮਹਿ | — |
| | ੪੧ | ੨ | ਬਖਾਨ | — | ਬਖਾਨਿ | ਬਖਾਨਿ | — |
| | ੪੨ | ੧ | ਮੈ | — | ਮਹਿ | ਮਹਿ | — |
| | ੪੨ | ੧ | ਮੀਤਿ | — | ਮੀਤ | ਮੀਤ | — |
| | ੪੨ | ੨ | ਜੀਤਿ | — | ਜੀਤੁ | ਜੀਤੁ | — |
| | ੪੩ | ੨ | ਤਿਹਿ | — | ਤਿਹ | ਤਿਹ | — |
| | ੪੪ | ੧ | ਮਨ | — | ਮਨਿ | ਮਨਿ | — |
| | ੪੪ | ੨ | ਸੂਕਰੁ | — | ਸੂਕਰ | ਸੂਕਰ | — |
| | ੪੪ | ੨ | ਤਨ | — | ਤਨੁ | ਤਨੁ | — |
| | ੪੫ | ੨ | ਭਜਉ | — | ਭਜਹੁ | ਭਜਹੁ | — |
| | ੪੫ | ੨ | ਮਨਿ | — | — | — | ਮਨ |
| | ੪੫ | ੨ | ਇਕਿ | — | ਇਕ | ਇਕ | — |
| | ੪੫ | ੨ | ਚਿਤ | — | ਚਿਤਿ | ਚਿਤਿ | — |
| | ੪੬ | ੧ | ਮੈ | — | ਮਹਿ | ਮਹਿ | — |
| | ੪੬ | ੨ | ਤਿਹਿ | — | ਤਿਹ | ਤਿਹ | — |
| | ੪੭ | ੧ | ਡਗਮਗੈ | — | ਡਗਮਗੇ | ਡਗਮਗੇ | — |
| | ੪੮ | ੧ | ਜਗਤੁ | — | ਜਗਤ | — | — |
| | ੪੮ | ੨ | ਰਾਖੋ | — | ਰਾਖਹੁ | ਰਾਖਹੁ | — |
| | ੪੯ | ੧ | ਝੂਠੁ | — | ਝੂਠ | ਝੂਠ | ਝੂਠ |



www.AKJ.Org

| | | | | | | | |
|---|---|---|---|---|---|---|---|
| ਸ਼ਲੋਕ ਮ: ੯. | ੪੯ | ੨ | ਭੀਤ | — | ਭੀਤਿ | ਭੀਤਿ | — |
| | ੫੦ | ੧ | ਰਾਮ | — | ਰਾਮੁ | ਰਾਮੁ | — |
| | ੫੦ | ੧ | ਪਰਵਾਰ | — | ਪਰਵਾਰੁ | ਪਰਵਾਰੁ | — |
| | ੫੦ | ੨ | ਸੰਸਾਰਿ | — | ਸੰਸਾਰੁ | ਸੰਸਾਰੁ | -- |
| | ੫੧ | ੨ | ਇਹ | — | ਇਹੁ | ਇਹੁ | — |
| | ੫੨ | ੧ | ਕੇ | — | ਕੈ | ਕੈ | — |
| | ੫੨ | ੧ | ਕਾਲ | — | ਕਾਲਿ | ਕਾਲਿ | — |
| | ੫੨ | ੨ | ਛਾਡ | — | ਛਾਡਿ | ਛਾਡਿ | ਛਾਡ਼ਿ |
| | ੫੩ | ੨ | ਗਜ਼ਿ | — | ਗਜ | ਗਜ | — |
| | ੫੪ | ੧ | ਸਭ | — | ਸਭੁ | ਸਭੁ | — |
| | ੫੪ | ੨ | ਸਭ | — | ਸਭੁ | -- | — |
| | ੫੪ | ੨ | ਮੈ | — | ਮਹਿ | ਮਹਿ | — |
| | ੫੫ | ੧ | ਸਭ | — | ਸਭਿ | ਸਭਿ | — |
| | ੫੫ | ੧ | ਨਿਬਹਿਓ | — | ਨਿਬਿਹੋ | — | — |
| | ੫੫ | ੧ | ਸਾਥ | — | ਸਾਥਿ | ਸਾਥਿ | — |
| | ੫੫ | ੨ | ਬਿਪਤ | — | ਬਿਪਤਿ | ਬਿਪਤਿ | — |
| | ੫੫ | ੨ | ਮੈ | — | ਮਹਿ | ਮਹਿ | -- |
| | ੫੫ | ੨ | ਰਘਨਾਥ | — | ਰਘੁਨਾਥ | — | — |
| | ੫੬ | ੧ | ਗੁਰ | — | ਗੁਰੁ | ਗੁਰੁ | — |
| | ੫੬ | ੧ | ਗੋਬਿੰਦ | — | ਗੋਬਿੰਦੁ | ਗੋਬਿੰਦੁ | — |
| | ੫੬ | ੨ | ਮੈ | — | ਮਹਿ | ਮਹਿ | — |
| | ੫੭ | ੧ | ਉਰਿ | — | ਉਰ | ਉਰ | — |
| | ੫੭ | ੧ | ਮੈ | — | ਮਹਿ | ਮਹਿ | — |

## ਫਰੀਦ ਕੋਟ ਵਿਖੇ ਰੈਣ ਸਬਾਈ ਕੀਰਤਨ

ਗੁ: ਸ੍ਰੀ ਗੁਰੂ ਸਿੰਘ ਸਭਾ (ਨੇੜੇ ਘੰਟਾ ਘਰ) ਫਰੀਦ ਕੋਟ ਵਿਖੇ ੧੭ ਮਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

ਦਾਸਰਾ—ਹਰਭਜਨ ਸਿੰਘ, ਪੰਜਾਬ ਐਂਡ ਸਿੰਧ ਬੈਂਕਾਂ, ਗੋਲੇਵਾਲ (ਫਰੀਦ ਕੋਟ)

## ਹੁਸ਼ਿਆਰਪੁਰ ਵਿਖੇ ਰੈਣ ਸਬਾਈ ਕੀਰਤਨ

ਸ਼ਹੀਦ ਭਾਈ ਕੇਵਲ ਸਿੰਘ ਜੀ ਦੀ ਯਾਦ ਵਿਚ ੨੪ ਮਈ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਕਲਗੀਧਰ ਚਰਨ ਪਾਵਨ ਵਿਖੇ ਰੈਣ ਸਬਾਈ ਕੀਰਤਨ ਰਖੇ ਗਏ ਹਨ। ਸਰਬੱਤ ਸੰਗਤਾਂ ਸ਼ਹੀਦਾਂ ਦੀ ਯਾਦ ਮਨਾਉਣ ਲਈ ਦਰਸ਼ਨ ਬਖਸ਼ਣ। ਗੁਰਦਵਾਰਾ ਸਾਹਿਬ ਬਸ ਸਟੈਂਡ ਤੋਂ ਦੋ ਫਰਲਾਂਗ ਰੋਸ਼ਨ ਗਰਾਊਂਡ ਦੇ ਕੋਲ ਹੈ।

ਦਾਸਰੇ—ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ

## ਕਥੂ ਨੰਗਲ (ਅੰਮ੍ਰਿਤਸਰ) ਵਿਖੇ ਕੀਰਤਨ ਪ੍ਰੋਗਰਾਮ

ਭਾਈ ਅਮੋਲਕ ਸਿੰਘ ਜੀ ਕਥੂ ਨੰਗਲ ਦੇ ਗ੍ਰਿਹ ਵਿਖੇ ੨੪ ਮਈ ਐਤਵਾਰ ਨੂੰ ਸਵੇਰੇ ਆਸਾ ਦੇ ਵਾਰ ਦੇ ਅਖੰਡ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ। ਦਾਸਰੇ—ਅਖੰਡ ਕੀਰਤਨੀ ਜੱਥਾ, ਸ੍ਰੀ ਅੰਮ੍ਰਿਤਸਰ

**ਨਕਲੀ ਨਿਰੰਕਾਰੀ ਸੰਸਥਾ ਦਾ ਆਗੂ ਬਾਬਾ ਗੁਰਬਚਨ ਸਿੰਘ ਅਤੇ ਉਸ ਦਾ ਬਾਡੀ ਗਾਰਡ ਪਰਤਾਪ ਸਿੰਘ ੨੪ ਮਈ ਰਾਤ ਨੂੰ ਆਪਣੀ ਕੋਠੀ ਵਿਚੋਂ ਹੀ ਕਿਸੇ ਵਲੋਂ ਗੋਲੀ ਦਾ ਨਿਸ਼ਾਨਾ ਬਣਾਦਿਤੇ ਗਏ।**

**ਅਖੰਡ ਕੀਰਤਨੀ ਜਥਾ ਕਾਨਪੁਰ ਵਲੋਂ ਕੇਂਦਰੀ ਫੰਡ ਲਈ ੧੧੦੦ ਰੁਪਏ ਭੇਜੇ ਗਏ ਹਨ।**



www.AKJ.Org

# ਅਖੰਡ ਕੀਰਤਨੀ ਜਥੇ ਦੀ ਜਥੇਬੰਦੀ

ਮਿਤੀ 14-4-80 ਨੂੰ ਵੈਸਾਖੀ ਦੇ ਸਮਾਗਮ ਤੋਂ ਉਪਰੰਤ ਸਰਬਤ ਅਖੰਡ ਕੀਰਤਨੀ ਜਥੇ ਦੀ ਜਥੇਬੰਦੀ ਬਾਰੇ ਨਿਰਣਾ ਕਰਨ ਲਈ ਵਿਸ਼ੇਸ਼ ਤੌਰ ਤੇ ਸੱਦੀ ਗਈ ਜਨਰਲ ਇਕੱਤਰਤਾ ਸ੍ਰੀ ਅੰਮ੍ਰਿਤਸਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਚਲਾਉਣ ਲਈ, ਸੰਗਤ ਨੇ ਸਰਬ ਸੰਮਤੀ ਨਾਲ ਭਾ: ਸਾ: ਦਰਸ਼ਨ ਸਿੰਘ ਜੀ ਦਿਲੀ ਵਾਲਿਆਂ ਦੀ ਚੋਣ ਕੀਤੀ। ਭਾ: ਸਾ: ਦਰਸ਼ਨ ਸਿੰਘ ਜੀ ਨੇ ਅਰੰਭਕ ਅਰਦਾਸ ਬੜੇ ਵੈਰਾਗ ਵਿਚ ਕੀਤੀ। ਕਈ ਗੁਰਮੁਖ ਪਿਆਰਿਆਂ ਦੇ ਵਿਚਾਰ ਸੁਣਨ ਮਗਰੋਂ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਮੌਜੂਦਾ ਕਾਰਜ ਸਾਧਕ ਕਮੇਟੀ ਅਤੇ ਸ਼ਹਿਰਾਂ/ਪ੍ਰਾਂਤਾਂ ਦੀਆਂ ਸਬ-ਕਮੇਟੀਆਂ ਸਮਾਪਤ ਕੀਤੀਆਂ ਜਾਣ । ਇਹ ਸਪੱਸ਼ਟ ਕੀਤਾ ਗਿਆ ਕਿ ਵਖ ਵਖ ਸ਼ਹਿਰਾਂ, ਪ੍ਰਾਂਤਾਂ ਅਤੇ ਦੇਸਾਂ ਵਿਚ ਵਸਦੇ ਸਿੰਘ ਨਾਮ-ਬਾਣੀ ਦੇ ਪ੍ਰਵਾਹ ਸੰਬੰਧੀ ਸਥਾਨਕ ਪ੍ਰੋਗਰਾਮ ਪਰਸਪਰ ਮਿਲਵਰਤਣ ਅਤੇ ਸਹਿਯੋਗ ਨਾਲ ਪਹਿਲਾਂ ਵਾਂਗ ਕਰਦੇ ਰਹਿਣ ।

ਕਾਫੀ ਦੀਰਘ ਵਿਚਾਰ ਵਟਾਂਦਰੇ ਮਗਰੋਂ ਸਰਬ ਸੰਮਤੀ ਨਾਲ ਫੈਸਲਾ ਹੋਇਆ ਅਤੇ ਭਾ: ਸਾ: ਰਾਮ ਸਿੰਘ ਜੀ ਨੂੰ ਫਿਰ ਅਖੰਡ ਕੀਰਤਨੀ ਜਥੇ ਦੀ ਜਥੇਦਾਰੀ ਦੀ ਸੇਵਾ ਸੌਂਪੀ ਗਈ।

ਸੰਗਤ ਨੇ ਸਾਬਕ ਕਾਰਜ-ਸਾਧਕ ਕਮੇਟੀ ਵਲੋਂ ਕੀਤੀ ਗਈ ਨਿਰਮਾਣ ਤੇ ਨਿਸ਼ਕਾਮ ਸੇਵਾ ਦੀ ਪ੍ਰਸੰਸਾ ਭੀ ਜੈਕਾਰੇ ਦੇ ਦੇ ਰੂਪ ਵਿਚ ਦਿਤੀ। ਕਾਰਜ ਦੀ ਨਿਰਵਿਘਨ ਸੰਪੂਰਨਤਾ ਵਜੋਂ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਵਿਚ ਇਸ ਮੀਟਿੰਗ ਦੀ ਅੰਤਮ ਅਰਦਾਸ ਭਾਈ ਸਾਹਿਬ ਦਲਜੀਤ ਸਿੰਘ ਜੀ 'ਕਮਲ' ਦਿਲੀ ਵਾਲਿਆਂ ਨੇ ਡਾਢੇ ਰੰਗਾਂ ਵਿਚ ਕੀਤੀ।

ਦਾਸ–ਮੈਨੇਜਰ 'ਸੂਰਾ'

---

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਦੇ ਸੌ ਸੌ ਰੁਪਏ ਅਤੇ ਸ੍ਰੀ ਗੁਰੂ ਨਾਨਕ ਸਤਸੰਗ ਸਭਾ ਸਿੰਘਾਪੁਰ ਦੇ ਢਾਈ ਸੌ ਰੁਪਏ ਪੁਜੇ ਹਨ। ਬੈਂਕ ਚੋਂ ਬਣਵਾਈਆਂ ਐਫ ਡੀਆਂ ਦੇ ਨੰਬਰ ਹੇਠ ਦਿਤੇ ਹਨ –

| | | | |
|---|---|---|---|
| 624. ਸ. ਜਗੀਰ ਸਿੰਘ S/o. ਸ. ਬਿੱਕਰ ਸਿੰਘ | (ਚਿੱਟ ਨੰ: 3624) | 997391/406/80 | ਮਿਤੀ 21,4.80 |
| 625. ਸ. ਗੁਰਦਿਆਲ ਸਿੰਘ | ( ,, ,, 3625) | 997392/407/80 | ,, |
| 626. ਸ. ਕਰਮਜੀਤ ਸਿੰਘ ਸੇਖੋਂ | ( ,, ,, 3626) | 997393/408/80 | ,, |
| 627. ਸ.ਸਵਰਨ ਸਿੰਘ ਚੀਮਾ | ( ,, ,, 3627) | 997394/409/80 | ,, |
| 628. ਸ. ਹਰਮਿੰਦਰ ਸਿੰਘ L M A. | ( ,, ,, 3628) | 997395/410/80 | ,, |
| 629. ਸ. ਵਰਿਆਮ ਸਿੰਘ ਗੁ: ਸੰਗਤਪੁਰਾ | ( ,, ,, 3629) | 997396/411/80 | ,, |
| 630. ਸ਼੍ਰੀ ਗੁਰੂ ਨਾਨਕ ਸਤਸੰਗ ਸਭਾ ਸਿੰਘਾਪੁਰ | ( ,, ,, 3630) | 997397/412/80 | ,, |
| 631. ਸ. ਹਰਮੇਲ ਸਿੰਘ ਸਾਇੰਸ ਮਾਸਟਰ | ( ,, ,, 3631) | 997398/413/80 | ,, |
| 632. ਸ. ਬਲਵੰਤ ਸਿੰਘ ਕਾਨਪੁਰ | ( ,, ,, 3632) | 997399/414/80 | ,, |
| 33. ਸ. ਬਲਜੀਤ ਸਿੰਘ ਕਾਨਪੁਰ | ( ,, ,, 3633) | 997400/415/80 | ,, |
| 34. ਸ. ਹਰਪਾਲ ਸਿੰਘ ਸਿਧੂ X.E.N. | ( ,, ,, 3634) | 997401/416/80 | ,, |
| 35. ਸ. ਗੁਰਵਿੰਦਰਪਾਲ ਸਿੰਘ | ( ,, ,, 3635) | 997402/417/80 | ,, |
| 636. ਸ. ਦਲੀਪ ਸਿੰਘ | ( ,, ,, 3636) | 997403/418/80 | ,, |
| 637. ਭਾ: ਤਰਲੋਚਨ ਸਿੰਘ | ( ,, ,, 3637) | 997404/419/80 | ,, |

www.AKJ.Org

# ਸ਼ਹੀਦਾਂ ਦੇ ਅਸਥਾਨ ਤੇ ਮਾਸਕ ਰੈਣ ਸਬਾਈ ਕੀਰਤਨ

ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ ਗੁ: ਰਾਮਸਰ ਸਾਹਿਬ ਦੇ ਸਾਹਮਣੇ ਸ਼ਹੀਦਾਂ ਦੇ ਅਸਥਾਨ ਤੇ ਹਰ ਮਹੀਨੇ ਵਾਂਗ ਰੈਣ ਸਬਾਈ ਕੀਰਤਨ ੧੭ ਮਈ ਸ਼ਨੀਵਾਰ ਦੀ ਰਾਤ ਨੂੰ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ। ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਚਲਦਾ ਵਹੀਰ

# ਸ਼ਹੀਦੀ ਗੁਰਪੁਰਬ ਪੰਜਵੀਂ ਪਾਤਸ਼ਾਹੀ 14 ਤੋਂ 17 ਜੂਨ ਤਕ ਹੁਸ਼ਿਆਰਪੁਰ ਵਿਖੇ

ਪ੍ਰੋਗਰਾਮ ਦਾ ਵੇਰਵਾ ਅਗਲੇ ਪਰਚੇ ਵਿਚ

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਅੰਮ੍ਰਿਤ-ਕੀਰਤਨ ਦੀ ਵਰਖਾ

ਭਾਈ ਰਾਜਿੰਦਰ ਸਿੰਘ ਜੀ ਜਨਰਲ ਸਕੱਤਰ ਡਡਲੀ ਤੋਂ ਇਤਲਾਹ ਦੇਂਦੇ ਹਨ ਕਿ ਇੰਗਲੈਂਡ ਵਿਖੇ ਹੇਠ ਲਿਖੇ ਪ੍ਰੋਗਰਾਮਾਂ ਵਿਚ ਪੂਰਨ ਜੀ ਤੇ ਬੀ: ਭੁਪਿੰਦਰ ਕੌਰ ਜੀ, ਭਾਈ ਜੀਵਨ ਸਿੰਘ ਜੀ, ਬੀਬੀ ਹਰਜੀਤ ਕੌਰ ਜੀ ਤੇ ਬੀਬੀ ਹਰਬੰਸਕੌਰ ਜੀ ਦਿਲੀ ਵਾਲੇ ਵੀ ਹਾਜ਼ਰੀਆਂ ਭਰ ਰਹੇ ਹਨ। ਸੰਗਤਾਂ ਲਾਹੇ ਪ੍ਰਾਪਤ ਕਰਨ—

5 ਤੋਂ 11 ਮਈ (10 ਮਈ ਨੂੰ ਰੈਣ ਸਬਾਈ ਕੀਰਤਨ)
Ramgaria Gurdwara, Foles Hill Road, Coventry

12 ਤੋਂ 18 ਮਈ ਅਖੰਡ ਕੀਰਤਨ—Sikh Temple, Glasgow, Scotland
ਪੁਛਗਿਛ—ਭਾ: ਗੁਰਮੇਜ ਸਿੰਘ ਗਿਲ — 021-523-2715

19 ਤੋਂ 25 ਮਈ ਅਖੰਡ ਕੀਰਤਨ—Sikh Temples Bradford & Leeds
24 ਮਈ ਰੈਣ ਸਬਾਈ Guru Nanak Sikh Temple, Wakefield Rd., Bradford

26 ਮਈ ਤੋਂ 1 ਜੂਨ ਅਖੰਡ ਕੀਰਤਨ—Sikh Temple, Darlaston Rd., Walsall
ਪੁਛ ਗਿਛ—ਭਾ: ਬਲਬੀਰ ਸਿੰਘ ਜੀ ਵਾਲਸਲ 38444

# ਗੁਰਮਤਿ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਕਰਮ ਫਿਲਾਸਫੀ' ਛਪ ਗਈ ਹੈ। ਵਡੇ ਸਾਈਜ਼ ਦੇ ੬੦੪ ਸਫੇ, ਜਿਲਦ ਕਪੜਾ, ਭੇਟ ੧੩-੫੦

| | | | |
|---|---|---|---|
| ਹੋਰ ਪੁਸਤਕਾਂ—ਗੁਰਮਤਿ ਲੇਖ | ੫-੫੦ | ਗੁਰਮਤਿ ਵਿਚਾਰ | ੫-੫੦ |
| ਗੁਰਮਤਿ ਪ੍ਰਕਾਸ਼ | ੩-੭੫ | ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ |

**ਪਾਠਕ ਸਜਣੋ—** ਚਿਠੀ ਪੱਤਰ ਤੇ ਮਨੀਆਰਡਰ ਉਪਰ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿਟ ਨੰਬਰ ਲਿਖਿਆ ਹੁੰਦਾ ਹੈ।

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ

www.AKJ.Org